Start Your OWN HOTEL
The Land is Your Project Ours
Contact Us 9814400833

ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਬੁੱਧਵਾਰ, 01 ਜਨਵਰੀ 2025
Email:- lokbani08@gmail.com

R. N. I. Punpun/29016/2008 * ਸਾਲ 16 , * ਅੰਕ : 200, * ਮੁੱਲ : 6 ਰੁਪਏ * ਕੁੱਲ ਪੇਜ: 8 * ਦਫਤਰ : 0181-2211009 * M : 99155-94111

TOURIST VISA USA CANADA
SCHENGEN/ UK AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗੇ
easyvisa 8283 000800

Happy 2025 ਲੋਕ ਬਾਣੀ Lokbani.com Happy 2025
ਇੰਟਰਨੈਟ ਤੇ ਵੀ ਦੇਖੋ ਲੋਕ ਬਾਣੀ ਚੈਨਲ

ਦੇਸ਼ ਵਿਦੇਸ਼ ਵਿੱਚ ਵੱਸਦੇ ਸਮੂਹ ਪੰਜਾਬੀਆਂ ਨੂੰ ਨਵਾ ਸਾਲ ਦੀਆਂ ਵਧਾਈਆਂ

TOURIST VISA USA CANADA
SCHENGEN/ UK AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗ ਚੁੱਕੇ ਹਨ
easyvisa | 8283 000800


## ਮੁੱਖ ਮੰਤਰੀ ਬੀਰੇਨ ਸਿੰਘ ਨੇ ਨਸਲੀ ਹਿੰਸਾ ਲਈ ਮੰਗੀ ਮੁਆਫ਼ੀ



ਇੰਫਾਲ/ਨਵੀਂ ਦਿੱਲੀ,(ਲੋਕ ਬਾਣੀ)ਮਨੀਪੁਰ ਦੇ ਮੁੱਖ ਮੰਤਰੀ ਐੱਨ.ਬੀਰੇਨ ਸਿੰਘ ਨੇ ਸੂਬੇ ਵਿਚ ਹੋਈ ਨਸਲੀ ਹਿੰਸਾ, ਜਿਸ ਵਿਚ 250 ਤੋਂ ਵੱਧ ਲੋਕਾਂ ਦੀ ਜਾਨ ਜਾਂਦੀ ਰਹੀ ਸੀ ਤੇ ਹਜ਼ਾਰਾਂ ਲੋਕ ਘਰੋਂ ਬੇਘਰ ਹੋ ਗਏ ਸਨ, ਲਈ ਮੁਆਫ਼ੀ ਮੰਗੀ ਹੈ। ਉਨ੍ਹਾਂ ਸਾਰੇ ਭਾਈਚਾਰਿਆਂ ਨੂੰ ਅਪੀਲ ਕੀਤੀ ਕਿ ਉਹ ਪਿਛਲੀਆਂ ਗਲਤੀਆਂ ਭੁੱਲ ਕੇ ਸ਼ਾਂਤੀਪੂਰਨ ਤੇ ਖੁਸ਼ਹਾਲ ਰਾਜ ਵਿੱਚ ਇਕੱਠੇ ਰਹਿਣ।ਮੁੱਖ ਮੰਤਰੀ ਬੀਰੇਨ ਸਿੰਘ ਨੇ ਨਵੇਂ ਸਾਲ ਦੀ ਪੂਰਬਲੀ ਸੰਧਿਆ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪਿਛਲੇ ਤਿੰਨ-ਚਾਰ ਮਹੀਨਿਆਂ ਵਿੱਚ ਸੂਬੇ ਵਿੱਚ ਕੁਝ ਹੱਦ ਤੱਕ ਸ਼ਾਂਤੀ ਰਹੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਨਵੇਂ ਸਾਲ 'ਚ ਹਾਲਾਤ ਆਮ ਵਾਂਗ ਹੋ ਜਾਣਗੇ। ਉਨ੍ਹਾਂ ਕਿਹਾ, 'ਸੂਬੇ ਵਿੱਚ, ਜੋ ਵੀ ਹੋਇਆ, ਉਸ ਲਈ ਮੈਂ ਮੁਆਫ਼ੀ ਚਾਹੁੰਦਾ ਹਾਂ। ਕਈ ਵਿਅਕਤੀਆਂ ਨੇ ਆਪਣੇ ਸਨੇਹੀ ਗੁਆ ਲਏ ਅਤੇ ਕਈਆਂ ਨੂੰ ਆਪਣਾ ਘਰ-ਬਾਹਰ ਛੱਡਣਾ ਪਿਆ। ਮੈਨੂੰ ਅਫਸੋਸ ਹੈ ਅਤੇ ਮੈਂ ਮੁਆਫੀ ਚਾਹੁੰਦਾ ਹਾਂ।' ਉਨ੍ਹਾਂ ਕਿਹਾ, 'ਮੈਂ ਸਾਰੇ ਭਾਈਚਾਰਿਆਂ ਨੂੰ ਅਪੀਲ ਕਰਨਾ ਚਾਹਾਂਗਾ ਕਿ ਉਹ ਸਾਡੀਆਂ ਪਿਛਲੀਆਂ ਗਲਤੀਆਂ ਨੂੰ ਭੁੱਲ ਜਾਣ ਅਤੇ ਸਾਨੂੰ ਮੁਆਫ ਕਰਕੇ ਸ਼ਾਂਤੀਪੂਰਨ ਢੰਗ ਨਾਲ ਨਵੇਂ ਸਿਰੇ ਤੋਂ ਜੀਵਨ ਸ਼ੁਰੂ ਕਰਨ।"

ਉਧਰ ਕਾਂਗਰਸ ਨੇ ਅੱਜ ਪੁੱਛਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਮਨੀਪੁਰ ਦਾ ਦੌਰਾ ਕਰ ਕੇ ਅਜਿਹਾ ਕਿਉਂ ਨਹੀਂ ਕਰ ਸਕਦੇ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੁਨੀਆ ਭਰ ਦੀ ਯਾਤਰਾ ਕਰ ਰਹੇ ਹਨ, ਪਰ ਮਨੀਪੁਰ ਜਾਣ ਤੋਂ ਟਲਦੇ ਹਨ। ਰਮੇਸ਼ ਨੇ ਐਕਸ 'ਤੇ ਕਿਹਾ, "ਪ੍ਰਧਾਨ ਮੰਤਰੀ ਮਨੀਪੁਰ 'ਚ ਜਾ ਕੇ ਇਹੀ ਗੱਲ ਕਿਉਂ ਨਹੀਂ ਕਰ ਸਕਦੇ। ਉਹ 4 ਮਈ 2023 ਤੋਂ ਜਾਣਬੁੱਝ ਕੇ ਸੂਬੇ ਦਾ ਦੌਰਾ ਕਰਨ ਤੋਂ ਗੁਰੇਜ਼ ਕਰ ਰਹੇ ਹਨ।"

## ਨਵੇਂ ਸਾਲ ਦੇ ਜਸ਼ਨ: ਪੰਜਾਬ ਪੁਲੀਸ ਨੇ ਹੁੜਦੰਗੀਆਂ ਨੂੰ ਖ਼ਬਰਦਾਰ ਕੀਤਾ




ਚੰਡੀਗੜ੍ਹ, (ਲੋਕ ਬਾਣੀ) ਪੰਜਾਬ ਪੁਲੀਸ ਨੇ ਨਵੇਂ ਸਾਲ ਦੇ ਜਸ਼ਨਾਂ ਮੌਕੇ ਹੁੜਦੰਗ ਮਚਾਉਣ ਵਾਲਿਆਂ ਨੂੰ ਨਿਵੇਕਲੇ ਢੰਗ ਨਾਲ ਖ਼ਬਰਦਾਰ ਕੀਤਾ ਹੈ। ਪੰਜਾਬ ਪੁਲੀਸ ਨੇ ਨਵੇਂ ਸਾਲ ਦੇ ਮੱਦੇਨਜ਼ਰ ਇਕ ਗ੍ਰੀਟਿੰਗ ਕਾਰਡ ਜਾਰੀ ਕੀਤਾ ਹੈ, ਜਿਸ ਵਿਚ ਅਜਿਹੇ ਹੁੜਦੰਗੀਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਉਹ ਨਵੇਂ ਸਾਲ ਦੇ ਜਸ਼ਨਾਂ ਮੌਕੇ ਕਿਸੇ ਤਰ੍ਹਾਂ ਦਾ ਖ਼ੂਦ ਪਾਉਂਦੇ ਹਨ ਤਾਂ ਉਹ ਆਪਣੇ ਖਿਲਾਫ਼ ਕਾਰਵਾਈ ਲਈ ਤਿਆਰ ਰਹਿਣ। ਕਾਰਡ ਵਿਚ ਲਿਖਿਐ, "ਨਵਾਂ ਸਾਲ 2024 ਦੇ ਜਸ਼ਨ 31 ਦਸੰਬਰ ਨੂੰਪੰਜਾਬ ਪੁਲੀਸ ਵੱਲੋਂ ਅਮਨ ਤੇ ਕਾਨੂੰਨ ਨੂੰ ਲੈ ਕੇ ਵਿਸ਼ੇਸ਼ ਪੇਸ਼ਕਾਰੀ। ਨਵੇਂ ਸਾਲ ਦੀ ਪੂਰਬਲੀ ਸੰਧਿਆ ਜੇ ਤੁਸੀਂ ਸ਼ਰਾਬ ਪੀ ਕੇ ਵਾਹਨ ਚਲਾਉਂਦੇ ਹੋ, ਸੜਕਾਂ 'ਤੇ ਲੜਾਈ ਝਗੜਾ ਕਰਦੇ ਹੋ ਜਾਂ ਅਮਨ ਤੇ ਕਾਨੂੰਨ ਦੀ ਉਲੰਘਣਾ ਕਰਦੇ ਹੋ ਤਾਂ ਪੰਜਾਬ ਪੁਲੀਸ ਵੱਲੋਂ ਤੁਹਾਡੇ ਲਈ ਵਿਸ਼ੇਸ਼ ਆਫ਼ਰ ਹੈਸ਼ਹਿਰ ਦੇ ਪੁਲੀਸ ਥਾਣੇ ਵਿਚ ਫ੍ਰੀ ਐਂਟਰੀ ਤੇ ਕਾਨੂੰਨ ਤੋੜਨ ਵਾਲਿਆਂ ਲਈ ਵਿਸ਼ੇਸ਼ ਪ੍ਰਬੰਧ। ਜੇ ਕੋਈ ਤੁਹਾਡੀ ਨਵੇਂ ਸਾਲ ਦੀ ਰਾਤ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਤੁਸੀਂ 112 ਉੱਤੇ ਡਾਇਲ ਕਰਕੇ ਸਾਨੂੰ (ਪੁਲੀਸ) ਸੱਦ ਸਕਦੇ ਹੋ।"



ਸੁਰਿੰਦਰ ਸਿੰਘ ਪੱਪੀ ਅਤੇ ਬੀਬੀ ਕਰਮਜੀਤ ਕੌਰ ਵੱਲੋਂ ਨਵੇਂ ਸਾਲ ਦੀਆਂ ਵਧਾਈ
ਗੁਰੂ ਨਾਨਕ ਅਨਾਥ ਆਸ਼ਰਮ ਰਾਮਾਮੰਡੀ, ਜਲੰਧਰ

MEDIA CLUB (Regd.)
मीडिया क्लब
की ओर से नए साल 2025 के स्वागत में
एक शाम पत्रकारों के नाम
एवं
लाइफ टाइम अचीवमेंट अवार्ड
मीडिया क्लब द्वारा चयनित जर्नलिस्ट व फोटो जर्नलिस्ट जिनके जीवन का मकसद कलम की शान को बुलंद रखना ही रहा।
दिनांक 03-जनवरी-25 को शाम 7 बजे
HOTEL SEKHON GRAND
NEAR NAMDEV CHOWK, JALANDHAR CITY
Aman Mehra Chairman M. 99155-94111 | Sunil Dutt President M. 98155-76100 | Vinay Pal Sr. Adviser M. 98880-29070 | Mahavir Seth Sr Vice President M. 98881-90945
Bittu Oberoi Sr. Vice President M. 98775-95954 | Dee. See Kaul Gen. Sec. M. 98141-91891 | Satpal Kushwaha Vice President M. 98148-47786 | Kush Chawla Vice President M. 98156-81699 | Gopal Mohindru Cashier M. 96460-03457
NOTE : ENTRY FOR MEMBERS ONLY
VS Enterprises # 90417-92850

## ਸਾਲ ਦੇ ਆਖ਼ਰੀ ਸੈਸ਼ਨ 'ਚ Sensex 109 ਅੰਕ ਡਿੱਗਿਆ, ਪਰ 2024 ਵਰ੍ਹੇ ਦੌਰਾਨ ਬਾਜ਼ਾਰ 8 ਫ਼ੀਸਦੀ ਵਧਿਆ




ਮੁੰਬਈ, (ਲੋਕ ਬਾਣੀ) ਵਿਦੇਸ਼ੀ ਫੰਡਾਂ ਦੇ ਲਗਾਤਾਰ ਬਾਹਰ ਜਾਂਦੇ ਰਹਿਣ ਅਤੇ ਆਲਮੀ ਬਾਜ਼ਾਰਾਂ ਵਿੱਚ ਕਮਜ਼ੋਰ ਰੁਝਾਨਾਂ ਦੇ ਦੌਰਾਨ ਮੰਗਲਵਾਰ ਨੂੰ ਬੈਂਚਮਾਰਕ ਸੂਚਕਅੰਕ ਸੈਂਸੈਕਸ ਅਤੇ ਨਿਫਟੀ (Sensex and Nifty) ਸਾਲ 20 24 ਦੇ ਆਖ਼ਰੀ ਸੈਸ਼ਨ ਵਿੱਚ ਗਿਰਾਵਟ ਨਾਲ ਬੰਦ ਹੋਏ। ਇਸ ਦੌਰਾਨ ਲਗਾਤਾਰ ਦੂਜੇ ਦਿਨ ਸ਼ੇਅਰ ਬਾਜ਼ਾਰ ਵਿਚ ਗਿਰਾਵਟ ਦਾ ਰੁਝਾਨ ਰਿਹਾ।

ਲਗਾਤਾਰ ਦੂਜੇ ਦਿਨ 30-ਸ਼ੇਅਰਾਂ ਵਾਲਾ ਬੰਬਈ ਸ਼ੇਅਰ ਬਾਜ਼ਾਰ (BSE) ਬੈਂਚਮਾਰਕ ਸੈਂਸੈਕਸ 109.12 ਅੰਕ ਜਾਂ 0.14 ਫ਼ੀਸਦੀ ਡਿੱਗ ਕੇ 78,139.01 'ਤੇ ਬੰਦ ਹੋਇਆ।

ਦਿਨ ਦੌਰਾਨ ਇਕ ਵਾਰ ਇਹ 687.34 ਅੰਕ ਜਾਂ 0.87 ਫ਼ੀਸਦੀ ਡਿੱਗ ਕੇ 77,560.79 ਤੱਕ ਖਿਸਕ ਗਿਆ ਸੀ। ਦੂਜੇ ਪਾਸੇ ਨੈਸ਼ਨਲ ਸ਼ੇਅਰ ਬਾਜ਼ਾਰ (NSE) ਦਾ ਸੂਚਕਅੰਕ ਨਿਫਟੀ 0.10 ਅੰਕਾਂ ਦੀ ਮਾਮੂਲੀ ਗਿਰਾਵਟ ਨਾਲ 23,644.80 'ਤੇ ਬੰਦ ਹੋਇਆ।

ਜੇ ਪੂਰੇ ਸਾਲ 2024 ਦੀ ਗੱਲ ਕੀਤੀ ਜਾਵੇ ਤਾਂ ਸੈਂਸੈਕਸ ਪਿਛਲੇ ਸਾਲ ਦੇ ਮੁਕਾਬਲੇ ਕੁੱਲ ਮਿਲਾ ਕੇ 5,898. 75 ਅੰਕ ਜਾਂ 8.16 ਫ਼ੀਸਦੀ ਵਧਿਆ ਅਤੇ ਨਿਫਟੀ ਨੇ 1,913.4 ਅੰਕ ਜਾਂ 8.80 ਦਾ ਵਾਧਾ ਦਰਜ ਕੀਤਾ। ਇਸ ਸਾਲ 27 ਸਤੰਬਰ ਨੂੰ ਬੀਐਸਈ ਬੈਂਚਮਾਰਕ ਸੈਂਸੈਕਸ 85,978.25 ਦੇ ਆਪਣੇ ਰਿਕਾਰਡ ਸਿਖਰ 'ਤੇ ਪਹੁੰਚਿਆ ਅਤੇ ਐਨਐਸਈ ਨਿਫਟੀ ਵੀ ਉਸੇ ਦਿਨ ਇਤਿਹਾਸ ਦੇ ਸਿਖਰਲੇ ਮੁਕਾਮ 26,277.35 ਉਤੇ ਪਹੁੰਚ ਗਿਆ ਸੀ। ਮੰਗਲਵਾਰ ਦੇ ਸੈਸ਼ਨ ਦੌਰਾਨ 30 ਬਲੂ-ਚਿੱਪ ਪੈਕ ਵਿੱਚੋਂ ਟੈਕ ਮਹਿੰਦਰਾ, ਜ਼ੋਮੈਟੋ, ਟਾਟਾ ਕੰਸਲਟੈਂਸੀ ਸਰਵਿਸਿਜ਼, ਇਨਫੋਸਿਸ, ਆਈਸੀਆਈਸੀਆਈ ਬੈਂਕ, ਬਜਾਜ ਫਾਈਨਾਂਸ, ਹਿੰਦੁਸਤਾਨ ਯੂਨੀਲੀਵਰ ਅਤੇ ਐਚਸੀਐਲ ਟੈਕਨਾਲੋਜੀ ਨੂੰ ਮੁੱਖ ਤੌਰ 'ਤੇ ਪਛੜ ਗਏ। ਦੂਜੇ ਪਾਸੇ ਕੋਟਕ ਮਹਿੰਦਰਾ ਬੈਂਕ, ਆਈਟੀਸੀ, ਅਲਟਰਾਟੈਕ ਸੀਮਿੰਟ ਅਤੇ ਟਾਟਾ ਮੋਟਰਜ਼ ਨੇ ਇਸ ਦੌਰਾਨ ਮੁਨਾਫ਼ਾ ਕਮਾਇਆ। ਐਕਸਚੇਂਜ ਡੇਟਾ ਦੇ ਅਨੁਸਾਰ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (699) ਨੇ ਸੋਮਵਾਰ ਨੂੰ 1,893.16 ਕਰੋੜ ਰੁਪਏ ਦੇ ਸ਼ੇਅਰ ਵੇਚੇ, ਜਿਹੜਾ ਸ਼ੇਅਰ ਬਾਜ਼ਾਰ ਵਿਚ ਗਿਰਾਵਟ ਦਾ ਮੁੱਖ ਕਾਰਨ ਹੈ।

ਏਸ਼ੀਆਈ ਬਾਜ਼ਾਰਾਂ ਦੀ ਗੱਲ ਕੀਤੀ ਜਾਵੇ ਤਾਂ ਸ਼ੰਘਾਈ ਵਿਚ ਗਿਰਾਵਟ ਦੇਖੀ ਗਈ, ਪਰ ਹਾਂਗ ਕਾਂਗ ਸ਼ੇਅਰ ਬਾਜ਼ਾਰ ਹਰੇ ਨਿਸ਼ਾਨ ਵਿਚ ਬੰਦ ਹੋਇਆ। ਟੋਕੀਓ ਅਤੇ ਸਿਓਲ ਵਿੱਚ ਨਵੇਂ ਸਾਲ ਦੀਆਂ ਛੁੱਟੀਆਂ ਕਾਰਨ ਬਾਜ਼ਾਰ ਬੰਦ ਸਨ।ਇਸੇ ਤਰ੍ਹਾਂ ਯੂਰਪੀ ਬਾਜ਼ਾਰ ਜ਼ਿਆਦਾਤਰ ਉੱਚੇ ਪੱਧਰ 'ਤੇ ਕਾਰੋਬਾਰ ਕਰ ਰਹੇ ਸਨ। ਸੋਮਵਾਰ ਨੂੰ ਅਮਰੀਕੀ ਬਾਜ਼ਾਰਾਂ ਵਿਚ ਵੀ ਲਾਲ ਨਿਸ਼ਾਨ ਵਿਚ ਬੰਦ ਹੋਏ।

## ਲਹਿੰਦੇ ਪੰਜਾਬ ਦੀ ਹਕੂਮਤ ਨੇ Lahore ਦੇ ਪੁੰਛ ਹਾਊਸ 'ਚ ਸ਼ਹੀਦ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹੀ

ਲਾਹੌਰ,(ਲੋਕ ਬਾਣੀ) ਲਹਿੰਦੇ ਪੰਜਾਬ ਸਰਕਾਰ ਨੇ ਇੱਥੇ ਇਤਿਹਾਸਕ ਪੁੰਛ ਹਾਊਸ (Poonch House) ਵਿਖੇ ਭਗਤ ਸਿੰਘ ਗੈਲਰੀ (Bhagat Singh Gallery) ਸੈਲਾਨੀਆਂ ਲਈ ਖੋਲ੍ਹ ਦਿੱਤੀ ਹੈ, ਜਿੱਥੇ ਕਰੀਬ 93 ਸਾਲ ਪਹਿਲਾਂ ਸ਼ਹੀਦ-ਏ-ਆਜ਼ਮ ਆਜ਼ਾਦੀ ਘੁਲਾਟੀਏ ਉਤੇ ਮੁਕੱਦਮਾ ਚਲਾਇਆ ਗਿਆ ਸੀ। ਗੈਲਰੀ ਵਿੱਚ ਇਤਿਹਾਸਕ ਦਸਤਾਵੇਜ਼ ਰੱਖੇ ਗਏ ਹਨ, ਜਿਨ੍ਹਾਂ ਵਿੱਚ ਤਸਵੀਰਾਂ, ਪੱਤਰ, ਅਖ਼ਬਾਰ, ਮੁਕੱਦਮੇ ਦੇ ਵੇਰਵੇ ਅਤੇ ਉਨ੍ਹਾਂ ਦੇ ਜੀਵਨ ਤੇ ਆਜ਼ਾਦੀ ਸੰਘਰਸ਼ ਨਾਲ ਸਬੰਧਤ ਹੋਰ ਯਾਦਗਾਰੀ ਲੇਖ ਸ਼ਾਮਲ ਹਨ।

ਪੰਜਾਬ ਹਕੂਮਤ ਦੇ ਮੁੱਖ ਸਕੱਤਰ ਜ਼ਾਹਿਦ ਅਖਤਰ ਜ਼ਮਾਨ (Punjab Chief Secretary Zahid Akhtar Zaman) ਨੇ ਸੋਮਵਾਰ ਨੂੰ ਗੈਲਰੀ ਦਾ ਉਦਘਾਟਨ ਕੀਤਾ। ਜ਼ਮਾਨ ਨੇ ਕਿਹਾ, "ਸੈਲਾਨੀਆਂ ਨੂੰ ਇਸ ਸਬੰਧੀ ਪੰਜਾਬ ਸਰਕਾਰ ਦੇ ਉਦਯੋਗ, ਵਣਜ ਅਤੇ ਸੈਰ-ਸਪਾਟਾ ਮਹਿਕਮਿਆਂ ਵਿਚਕਾਰ ਹੋਏ ਇਕਰਾਰਨਾਮੇ ਤਹਿਤ ਗੈਲਰੀ ਤੱਕ ਪਹੁੰਚ ਹਾਸਲ ਹੋਵੇਗੀ। ਉਨ੍ਹਾਂ ਕਿਹਾ ਕਿ ਪੁੰਛ ਹਾਊਸ ਦੀ ਇਤਿਹਾਸਕ ਇਮਾਰਤ ਨੂੰ ਇਸ ਦੇ ਅਸਲ ਰੂਪ ਵਿੱਚ ਬਹਾਲ ਕਰ ਦਿੱਤਾ ਗਿਆ ਹੈ। ਪੁੰਛ ਹਾਊਸ ਵਿਚ ਲਹਿੰਦੇ ਪੰਜਾਬ ਦਾ ਸਨਅਤੀ ਡਾਇਰੈਕਟੋਰੇਟ ਸਥਿਤ ਹੈ। ਉਨ੍ਹਾਂ ਕਿਹਾ, "ਗੈਲਰੀ (ਸ਼ਹੀਦ) ਭਗਤ ਸਿੰਘ ਦੀ ਆਜ਼ਾਦੀ ਲਈ ਜੱਦੋਜਹਿਦ ਨੂੰ ਦਰਸਾਉਂਦੀ ਹੈ।" ਦੱਸਣਯੋਗ ਹੈ ਕਿ ਪਾਕਿਸਤਾਨ ਪੰਜਾਬ ਦੇ ਪੁਰਾਲੇਖ ਵਿਭਾਗ (PakistanÓs Punjab Archives Department) ਨੇ 2018 ਵਿੱਚ ਪਹਿਲੀ ਵਾਰ ਇਸ ਮਹਾਨ ਆਜ਼ਾਦੀ ਘੁਲਾਟੀਏ ਦੀ ਕੇਸ ਫਾਈਲ ਦੇ ਕੁਝ ਰਿਕਾਰਡ ਜੱਗਜ਼ਾਹਰ ਕੀਤੇ ਸਨ, ਜਿਸ ਵਿੱਚ ਉਨ੍ਹਾਂ ਦਾ ਫਾਂਸੀ ਸਰਟੀਫਿਕੇਟ, ਪੱਤਰ, ਫੋਟੋਆਂ ਅਤੇ ਅਖਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਸਮੱਗਰੀ ਸ਼ਾਮਲ ਸੀ।

ਗ਼ੌਰਤਲਬ ਹੈ ਕਿ 23 ਸਾਲਾ ਸਿੰਘ ਨੂੰ ਅੰਗਰੇਜ਼ ਹਾਕਮਾਂ ਨੇ 23 ਮਾਰਚ, 1931 ਨੂੰ ਲਾਹੌਰ ਵਿੱਚ ਉਸ ਦੇ ਦੋ ਸਾਥੀਆਂ ਰਾਜਗੁਰੂ ਤੇ ਸੁਖਦੇਵ ਸਣੇ ਫਾਂਸੀ ਦੇ ਦਿੱਤੀ ਸੀ। ਉਨ੍ਹਾਂ ਖ਼ਿਲਾਫ਼ ਬਸਤੀਵਾਦੀ ਸਰਕਾਰ ਵਿਰੁੱਧ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਗਿਆ ਸੀ। ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਵਿਰੁੱਧ ਬ੍ਰਿਟਿਸ਼ ਪੁਲੀਸ ਅਧਿਕਾਰੀ ਜੌਹਨ ਪੀ ਸਾਂਡਰਸ (British police officer John P Saunders) ਦੇ ਕਤਲ ਦੇ ਦੋਸ਼ ਵਿੱਚ ਕੇਸ ਦਾਇਰ ਕੀਤਾ ਗਿਆ ਸੀ।



The Tribune.

VOL. LI. NO. 70 — LAHORE, WEDNESDAY, MARCH 25, 1931. — Price One Anna

BHAGAT SINGH, RAJGURU AND SUKHDEV EXECUTED.

NO "LAST INTERVIEW" WITH RELATIONS.

Shouts Emerge From Jail.

DEAD BODIES SECRETLY DISPOSED OF

Removed to Distant Place.

TRUCE TERMS NOT BEING CARRIED OUT. Congressmen's Feeling. GRIEVANCES AGAINST GOVERNMENT.

TWISTED WRECKAGE OF ROYAL SCOT. Fastest Train in World. SURGEONS USE SAWS AND KNIVES.

BHAGAT SINGH.

## ਠੰਢ ਕਾਰਨ ਪੰਜਾਬ ਦੇ ਸਕੂਲਾਂ ਵਿਚ ਛੁੱਟੀਆਂ 'ਚ ਵਾਧਾ, ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕੀਤਾ ਐਲਾਨ



ਚੰਡੀਗੜ੍ਹ, (ਲੋਕ ਬਾਣੀ)- ਪੰਜਾਬ ਸਰਕਾਰ ਨੇ ਖ਼ਿੱਤੇ ਵਿਚ ਜਾਰੀ ਭਿਆਨਕ ਸੀਤ ਲਹਿਰ ਦੇ ਮੱਦੇਨਜ਼ਰ ਸੂਬੇ ਦੇ ਸਕੂਲਾਂ ਵਿਚ ਸਰਦੀਆਂ ਦੀਆਂ ਛੁੱਟੀਆਂ ਇਕ ਹਫ਼ਤੇ ਲਈ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਤਹਿਤ ਸੂਬੇ ਦੇ ਸਾਰੇ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਹੁਣ 7 ਜਨਵਰੀ ਤੱਕ ਛੁੱਟੀਆਂ ਰਹਿਣਗੀਆਂ ਅਤੇ ਸੂਬੇ ਦੇ ਸਾਰੇ ਸਕੂਲ 8 ਜਨਵਰੀ ਬੁੱਧਵਾਰ ਨੂੰ ਖੁੱਲ੍ਹਣਗੇ।

ਪਹਿਲਾਂ ਸਰਕਾਰ ਵੱਲੋਂ ਸੂਬੇ ਦੇ ਸਾਰੇ ਸਕੂਲਾਂ ਵਿੱਚ 24 ਤੋਂ 31 ਦਸੰਬਰ ਤੱਕ ਛੁੱਟੀਆਂ ਕੀਤੀਆਂ ਗਈਆਂ ਸਨ। ਹੁਣ ਇਹ ਛੁੱਟੀਆਂ ਇਕ ਹਫ਼ਤੇ ਲਈ ਵਧਾ ਦਿੱਤੀਆਂ ਗਈਆਂ ਹਨ।

ਇਹ ਐਲਾਨ ਮੰਗਲਵਾਰ ਨੂੰ ਸੂਬੇ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ (✓) ਉਤੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਪਾਈ ਇਕ ਪੋਸਟ ਵਿਚ ਕੀਤਾ ਹੈ।

ਆਪਣੀ ਟਵੀਟ ਵਿਚ ਬੈਂਸ ਨੇ ਕਿਹਾ, "ਮਾਣਯੋਗ ਮੁੱਖ ਮੰਤਰੀ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਠੰਢ ਦੇ ਕਾਰਨ ਪੰਜਾਬ ਦੇ ਸਾਰੇ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ 7 ਜਨਵਰੀ ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਸਾਰੇ ਸਕੂਲ 8 ਜਨਵਰੀ ਨੂੰ ਖੁੱਲ੍ਹਣਗੇ।"


## SGPC ਵੱਲੋਂ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਅਪੀਲ ਕਰਦਾ ਆਪਣਾ ਮਤਾ ਰੱਦ



ਅੰਮ੍ਰਿਤਸਰ, (ਲੋਕ ਬਾਣੀ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਅੰਤਰਿੰਗ ਕਮੇਟੀ ਨੇ ਖਾਲਿਸਤਾਨੀ ਸਮਰਥਕ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਅਪੀਲ ਕਰਦਾ ਆਪਣਾ ਹੀ ਪਾਸ ਕੀਤਾ ਹੋਇਆ ਮਤਾ ਅੱਜ ਰੱਦ ਕਰ ਦਿੱਤਾ ਹੈ। ਨਰਾਇਣ ਸਿੰਘ ਚੌੜਾ ਨੂੰ ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਤਹਿਤ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ।

ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਇਸ ਮਾਮਲੇ ਵਿੱਚ ਇੱਕ ਮਤਾ ਪਾਸ ਕਰ ਕੇ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ। ਅੱਜ ਹੋਈ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਮਤੇ ਨੂੰ ਰੱਦ ਕਰ ਦਿੱਤਾ ਗਿਆ ਹੈ। ਮੀਟਿੰਗ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਖ਼ਿਲਾਫ਼ ਆਈ ਸ਼ਿਕਾਇਤ ਦੇ ਮਾਮਲੇ ਦੀ ਜਾਂਚ ਸਬੰਧੀ ਬਣਾਈ ਗਈ ਜਾਂਚ ਕਮੇਟੀ ਦੀ ਜਾਂਚ ਦਾ ਸਮਾਂ ਵੀ ਵਧਾ ਦਿੱਤਾ ਗਿਆ ਹੈ।

## ਪੰਜਾਬ ਸਰਕਾਰ ਨੇ ਠੰਡ ਵਧਣ ਕਾਰਨ ਛੁੱਟੀਆਂ ਚ ਪੜ੍ਹੋ ਕਿੰਨੀ ਤਰੀਕ ਤੱਕ ਕੀਤਾ ਵਾਧਾ ?



ਚੰਡੀਗੜ੍ਹ,(ਲੋਕ ਬਾਣੀ) ਕੜਾਕੇ ਦੀ ਠੰਢ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ 7 ਜਨਵਰੀ, 2025 ਤੱਕ ਸਰਦ ਰੁੱਤ ਦੀਆਂ ਛੁੱਟੀਆਂ ਵਧਾਉਣ ਦਾ ਐਲਾਨ ਕੀਤਾ ਗਿਆ ਹੈ।

ਇਸ ਸਬੰਧੀ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਟਵੀਟ ਕਰਕੇ ਜਾਣਕਾਰੀ ਸਾਂਝੀ ਕੀਤੀ ਗਈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਠੰਢ ਕਾਰਨ ਸੂਬੇ ਦੇ ਸਰਕਾਰੀ ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ 7 ਜਨਵਰੀ, 2025 ਤੱਕ ਛੁੱਟੀਆਂ ਕੀਤੀਆਂ ਗਈਆਂ ਹਨ ਅਤੇ ਸਾਰੇ ਸਕੂਲ 8 ਜਨਵਰੀ, 2025 ਨੂੰ ਆਮ ਵਾਂਗ ਖੁੱਲ੍ਹਣਗੇ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements in 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
/stsoldiergroup www.stsoldiergroup.com
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਨਵੇਂ ਵਰ੍ਹੇ ਦੇ ਸਵਾਗਤ ਲਈ ਹਿਮਾਚਲ ਪੁੱਜੇ ਅਨੇਕਾਂ ਸੈਲਾਨੀ, ਜ਼ਿਆਦਾਤਰ ਹੋਟਲ ਭਰੇ, 90-95 ਫ਼ੀਸਦ ਹੈ ਅਡਵਾਂਸ ਬੁਕਿੰਗ

(ਲੋਕ ਬਾਣੀ) ਦੇਵਭੂਮੀ ਹਿਮਾਚਲ ਦੇ ਸੈਲਾਨੀ ਸਥਾਨਾਂ ਵਿਚ ਨਵੇਂ ਵਰ੍ਹੇ ਦੇ ਸਵਾਗਤ ਲਈ ਸੈਲਾਨੀ ਪੁੱਜਣ ਲੱਗੇ ਹਨ। ਸੂਬੇ ਦੇ ਜ਼ਿਆਦਾਤਰ ਹੋਟਲ ਭਰ ਗਏ ਹਨ ਜਦਕਿ ਨਵੇਂ ਸਾਲ ਲਈ 90 ਤੋਂ 95 ਫ਼ੀਸਦ ਤੱਕ ਅਡਵਾਂਸ ਬੁਕਿੰਗ ਹੈ। ਪੰਜ ਸਿਤਾਰਾ, ਤਿੰਨ ਸਿਤਾਰਾ ਤੇ ਹੋਰ ਵੱਡੇ ਹੋਟਲਾਂ ਵਿਚ ਕਮਰੇ ਬਿਨਾਂ ਬੁਕਿੰਗ ਦੇ ਨਹੀਂ ਮਿਲ ਰਹੇ ਹਨ। ਸੈਲਾਨੀ ਪਹਿਲਾਂ ਹੀ ਹੋਟਲ ਵਿਚ ਕਮਰਾ ਬੁੱਕ ਕਰਵਾ ਕੇ ਆਉਣਗੇ ਤਾਂ ਪਰੇਸ਼ਾਨੀ ਨਹੀਂ ਝਲਣੀ ਪਵੇਗੀ। ਅਗਲੇ ਦੋ ਦਿਨਾਂ ਦੌਰਾਨ ਸੂਬੇ ਦੀਆਂ ਸੈਲਾਨੀ ਥਾਵਾਂ ਪੂਰੀ ਤਰ੍ਹਾਂ ਭਰ ਜਾਣਗੀਆਂ। ਸ਼ਿਮਲਾ, ਮਨਾਲੀ ਤੇ ਧਰਮਸ਼ਾਲਾ ਵਿਚ ਭਾਰੀ ਗਿਣਤੀ ਵਿਚ ਸੈਲਾਨੀ ਪੁੱਜ ਚੁੱਕੇ ਹਨ। ਇਹ ਸੈਲਾਨੀ ਕੁਫਰੀ, ਮਨਾਲੀ ਵਿਚ ਬਰਫ਼ ਨਾਲ ਢਕੇ ਖੇਤਰਾਂ ਵਿਚ ਠਹਿਰਣਾ ਵੱਧ ਪਸੰਦ ਕਰਦੇ ਹਨ। ਮੌਸਮ ਵਿਭਾਗ ਨੇ 2 ਜਨਵੀਰ ਤੋਂ ਪੱਛਮੀ ਪੌਣਾਂ ਦੀ ਗੜਬੜ ਸਰਗਰਮ ਹੋਣ ਨਾਲ ਬਰਫ਼ਬਾਰੀ ਦੀ ਸੰਭਾਵਨਾ ਪ੍ਰਗਟਾਈ ਹੈ। ਅਜਿਹੇ ਵਿਚ ਸੈਲਾਨੀਆਂ ਨੇ ਚਾਰ ਜਨਵਰੀ ਤੱਕ ਅਡਵਾਂਸ ਬੁਕਿੰਗ ਕਰਵਾਈ ਹੋਈ ਹੈ।

ਦੋ ਜਨਵਰੀ ਤੋਂ ਸ਼ਿਮਲਾ ਵਿੰਟਰ ਕਾਰਨੀਵਲ ਵੀ ਫਿਰ ਸ਼ੁਰੂ ਹੋਵੇਗਾ। ਹਾਲੇ ਰਾਸ਼ਟਰੀ ਸ਼ੋਕ ਕਾਰਨ ਸਾਰੇ ਪ੍ਰੋਗਰਾਮ ਮੁਲਤਵੀ ਹਨ। ਸੈਲਾਨੀਆਂ ਨੂੰ ਆਕਰਸ਼ਤ ਕਰਨ ਲਈ ਸ਼ਿਮਲਾ ਵਿੰਟਰ ਕਾਰਨੀਵਲ ਵਿਚ ਵਸਤੂਆਂ ਖ਼ਰੀਦਣ ਦਾ ਮੌਕਾ ਮਿਲ ਰਿਹਾ ਹੈ। ਅੰਦੋਲਨ ਕਾਰਨ ਰੁਕੇ ਸੈਲਾਨੀ ਸੋਮਵਾਰ ਨੂੰ ਪੰਜਾਬ ਵਿਚ ਕਿਸਾਨ ਅੰਦੋਲਨ ਕਾਰਨ ਸੈਲਾਨੀਆਂ ਨੂੰ ਹਿਮਾਚਲ ਪੁੱਜਣ




ਵਿਚ ਦਿੱਕਤਾਂ ਝਲਣੀਆਂ ਪਈਆਂ। ਕਈ ਸੈਲਾਨੀਆਂ ਨੇ ਅਡਵਾਂਸ ਬੁਕਿੰਗ ਕਰਵਾਈ ਹੋਈ ਹੈ। ਬੱਸਾਂ ਤੇ ਹੋਰਨਾਂ ਵਾਹਨਾਂ ਦੇ ਨਾ ਚੱਲਣ ਕਾਰਨ ਆਵਾਜਾਈ ਪ੍ਰਭਾਵਤ ਹੋਈ ਹੈ।

ਸੈਲਾਨੀਆਂ ਦੀ ਗਿਣਤੀ ਵਧਣ ਦੇ ਨਾਲ ਹੀ ਸੂਬੇ ਦੇ ਸੈਲਾਨੀ ਸਥਾਨਾਂ ਵਿਚ ਵਾਧੂ ਪੁਲਿਸ ਬਲ ਦੀ ਤਾਇਨਾਤੀ ਕੀਤੀ ਗਈ ਹੈ। ਸੈਲਾਨੀਆਂ ਦੇ ਨਾਲ ਵਾਹਨਾਂ ਦੀ ਗਿਣਤੀ ਵਧਣ ਕਾਰਨ ਪਰਵਾਣੂ, ਸ਼ਿਮਲਾ, ਮਨਾਲੀ, ਕੁੱਲੂ ਸਮੇਤ ਹੋਰਨਾਂ ਸੈਲਾਨੀ ਸਥਾਨਾਂ ਵਿਚ ਜਾਮ ਲਗਾਇਆ ਹੋਇਆ ਹੈ। ਜਿੱਥੇ-ਜਿੱਥੇ ਵੱਧ ਜਾਮ ਲੱਗਦੇ ਹਨ, ਉਥੇ ਜ਼ਿਆਦਾ ਜਵਾਨਾਂ ਦੀ ਤਾਇਨਾਤੀ ਕੀਤੀ ਜਾਵੇਗੀ।

# ਪੀਜੀਆਈ ਵਿਖੇ 24 ਘੰਟੇ ਡਾਇਗਨੌਸਟਿਕ ਸੇਵਾਵਾਂ ਨੂੰ ਮਨਜ਼ੂਰੀ, ਮਰੀਜ਼ਾਂ ਨੂੰ ਰਾਹਤ

(ਲੋਕ ਬਾਣੀ) ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸਿਹਤ ਸੇਵਾਵਾਂ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਪੀਜੀਆਈ ਨੂੰ ਮੀਟਿੰਗ ਦੌਰਾਨ ਸਥਾਈ ਵਿੱਤ ਕਮੇਟੀ ਤੋਂ ਇੱਕ ਮਹੱਤਵਪੂਰਨ ਮਨਜ਼ੂਰੀ ਮਿਲੀ ਹੈ। ਇਹ ਪਹਿਲਕਦਮੀ ਪੀਜੀਆਈ ਦੇ ਮਰੀਜ਼ਾਂ ਅਤੇ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਆਪਣੀ ਸੇਵਾ ਸਮਰੱਥਾ ਨੂੰ ਵਧਾਉਣ ਲਈ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਸੰਸਥਾ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਸੰਸਥਾ ਨਾਲ ਜੁੜੇ ਸਾਰੇ ਕਰਮਚਾਰੀਆਂ, ਮਰੀਜ਼ਾਂ ਅਤੇ ਸਾਥੀਆਂ ਨੂੰ ਨਵੇਂ ਸਾਲ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਜਿਵੇਂ ਅਸੀਂ ਨਵੇਂ ਸਾਲ ਦੀ ਸ਼ੁਰੂਆਤ ਕਰ ਰਹੇ ਹਾਂ, ਅਸੀਂ ਇਨ੍ਹਾਂ ਸੇਵਾਵਾਂ ਵਿੱਚ ਪੀ.ਜੀ. ਆਈ. ਨੂੰ ਮਜ਼ਬੂਤ ਕਰਾਂਗੇ। ਵਿਕਾਸ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਅਸੀਂ ਨਾ ਸਿਰਫ਼ ਆਪਣੇ ਸੰਸਥਾਨ ਦੀ ਸੁਰੱਖਿਆ ਲਈ ਸਮਰਪਿਤ ਹਾਂ, ਸਗੋਂ ਸਾਡੇ ਭਾਈਚਾਰੇ ਨੂੰ ਬੇਮਿਸਾਲ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵੀ ਸਮਰਪਿਤ ਹਾਂ, ਜੋ ਇੱਕ ਪ੍ਰਮੁੱਖ ਮੈਡੀਕਲ ਸੰਸਥਾ ਵਜੋਂ ਸਾਡੀ ਸਥਿਤੀ ਦੀ ਪੁਸ਼ਟੀ ਕਰਦੀ ਹੈ।

ਕਮੇਟੀ ਨੇ ਚੌਵੀ ਘੰਟੇ ਡਾਇਗਨੌਸਟਿਕ ਸੇਵਾਵਾਂ ਦੇ ਪ੍ਰਸਤਾਵ ਨੂੰ ਸਿਧਾਂਤਕ ਤੌਰ ਤੇ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ, ਮੌਜੂਦਾ ਕਰਮਚਾਰੀਆਂ ਦੀ ਪੂਰਤੀ ਲਈ ਹਾਲ ਹੀ ਵਿੱਚ




300 ਵਾਧੂ ਸੁਰੱਖਿਆ ਕਰਮਚਾਰੀਆਂ, ਖਾਸ ਤੌਰ ਤੇ ਸਾਬਕਾ ਸੈਨਿਕਾਂ ਨੂੰ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਕਦਮ ਨਿਊਰੋ ਸਾਇੰਸ ਸੈਂਟਰ ਅਤੇ ਮਦਰ ਐਂਡ ਚਾਈਲਡ ਸੈਂਟਰ ਦੇ ਆਗਾਮੀ ਕਮਿਸ਼ਨਿੰਗ ਲਈ ਮਹੱਤਵਪੂਰਨ ਹੈ, ਜੋ ਕਿ ਮਾਰਚ 2025 ਵਿੱਚ ਖੁੱਲ੍ਹਣ ਲਈ ਤਹਿ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਕਮੇਟੀ ਨੇ ਪ੍ਰੋਜੈਕਟ ਸਾਰਥੀ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ, ਇੱਕ ਪਰਿਵਰਤਨਸ਼ੀਲ ਪਹਿਲਕਦਮੀ ਜੋ ਹੈਲਥਕੇਅਰ ਦੇ ਅੰਦਰ ਸਵੈ-ਸੇਵੀ ਅਤੇ ਦਇਆ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੀ ਹੈ।

# ਪਿੰਡ ਸਕਰੁੱਲਾਂਪੁਰ ਤੋਂ ਵਿਸ਼ਾਲ ਨਗਰ ਕੀਰਤਨ 5 ਜਨਵਰੀ ਨੂੰ

ਖਰੜ, ( ਕਾਲਾ ਸਿੰਘ ਸੈਣੀ )-ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪਿੰਡ ਸਕਰੁੱਲਾਂਪੁਰ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਸਬੰਧੀ ਹਰਮਨਦੀਪ ਸਿੰਘ,ਕੁਲਵਿੰਦਰ ਸਿੰਘ,ਕਰਨੈਲ ਸਿੰਘ,ਨਵਜੋਤ ਸਿੰਘ ਅਤੇ ਜਸਪ੍ਰੀਤ ਸਿੰਘ ਨੇ ਦੱਸਿਆ ਕਿ 5 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦੇ ਹੋਏ ਪਿੰਡ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਸਕਰੁੱਲਾਂਪੁਰ ਸਾਹਿਬ ਤੋਂ ਆਰੰਭ ਹੋ ਕੇ ਪਿੰਡ ਬੀਬੀਪੁਰ,ਬੱਤਾ,ਰੋੜਾ,ਬਜਹੇੜੀ,ਸਿੰਬਲ ਮਾਜਰਾ ਤੋਂ ਹੁੰਦੇ ਹੋਏ ਪਿੰਡ ਸਕਰੁੱਲਾਂਪੁਰ ਵਿਖੇ ਪਹੁੰਚੇਗਾ। ਉਨਾਂ ਦੱਸਿਆ ਕਿ 4 ਜਨਵਰੀ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਅਤੇ 6 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੀ ਅਰਦਾਸ ਤੋਂ ਉਪਰੰਤ ਦੀਵਾਨ ਸਜਾਏ ਜਾਣਗੇ। ਅਤੇ ਰਾਗੀ ਜੱਥੇ ਕੀਰਤਨ ਰਾਹੀ ਹਾਜ਼ਰੀ ਲਗਾਉਣਗੇ। ਇਸ ਉਪਰੰਤ ਗੁਰੂ ਕਾ ਲੰਗਰ ਵੀ ਵਰਤਾਇਆ ਜਾਵੇਗਾ।

# ਪੰਜਾਬ ਬੰਦ ਦੇ ਸੱਦੇ ਨੂੰ ਲੈ ਕੇ ਸ਼ਹਿਰ ਖਰੜ ਰਿਹਾ ਮੁਕੰਮਲ ਬੰਦ

ਖਰੜ, ( ਕਾਲਾ ਸਿੰਘ ਸੈਣੀ )- ਪੰਜਾਬ ਬੰਦ ਦੇ ਸੱਦੇ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਵੱਲੋ ਸਥਾਨਕ ਸ਼ਹਿਰ ਖਰੜ ਦੇ ਬੱਸ ਅੱਡਾ ਅਤੇ ਟੋਲ ਪਲਾਜ਼ਾ ਭਾਗੂਮਾਜਰਾ ਵਿਖੇ ਕਿਸਾਨਾਂ ਵੱਲੋਂ ਕਿਸਾਨ ਯੂਨੀਅਨਾਂ ਦੇ ਸਹਿਯੋਗ ਨਾਲ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ ਗਈ। ਇਸ ਤਰਾਂ ਹੀ ਸ਼ਹਿਰ ਦੇ ਵੱਖ-ਵੱਖ ਬਾਜਾਰ ਬੰਦ ਰਹੇ। ਸ਼ਹਿਰ ਦੇ ਦੁਕਾਨਕਦਾਰ ਵਲੋਂ ਵੀ ਆਪਣੀ ਦੁਕਾਨਾਂ ਬੰਦ ਰੱਖਿਆ,ਉੱਥੇ ਹੀ ਸਬਜੀ ਮੰਡੀ ਵੀ ਬੰਦ ਰਹੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਪਿਛਲੇ 35 ਦਿਨਾਂ ਤੋਂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਹਨ ਅਤੇ ਉਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਸਮੂਹ ਕਿਸਾਨ ਜਥੇਬੰਦੀਆਂ ਅੱਜ ਸੜਕਾਂ 'ਤੇ ਹਨ। ਉਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਨੀਂਦ ਵਿਚੋਂ ਜਗਾਉਣ ਲਈ ਇਹ ਸੰਘਰਸ਼ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਆਮ ਲੋਕਾਂ ਵੀ ਨੂੰ ਅਪੀਲ ਕੀਤੀ ਕਿ ਮਹਿੰਗਾਈ ਨੂੰ ਠੱਲ ਪਾਉਣ ਲਈ ਕਿਸਾਨਾਂ ਦਾ ਸਾਥ ਦਿੱਤਾ ਜਾਵੇ। ਉਨਾਂ ਕਿਹਾ ਕਿ ਅੱਜ ਦੇ ਬੰਦ ਦੌਰਾਨ ਉਨਾਂ ਨੂੰ ਵੱਖ-ਵੱਖ ਵਰਗਾਂ ਦਾ ਸਾਥ ਮਿਲਿਆ ਹੈ ਜਿਸ ਕਾਰਨ ਇਹ ਬੰਦ ਸਫ਼ਲ ਹੋ ਸਕਿਆ ਹੈ। ਸਰਕਾਰ ਕਿਸਾਨਾਂ ਦੀਆਂ ਜਮੀਨਾਂ ਹੜੱਪਣ ਵਿਚ ਲੱਗੀ ਹੋਈ ਹੈ ਅਤੇ ਕੌਡੀਆਂ ਦੇ ਭਾਅ ਕਿਸਾਨਾਂ ਤੋਂ ਜਮੀਨ ਖਰੀਦ ਕੇ ਸੜਕਾਂ ਤੇ ਹੋਰ ਪ੍ਰੋਜੈਕਟ ਲਿਆ ਕੇ ਕਿਸਾਨਾਂ ਦੀਆਂ ਜਮੀਨਾਂ ਦੇ ਟੋਟੇ ਕੀਤੇ ਜਾ ਰਹੇ ਹਨ। ਟੋਲ ਪਲਾਜ਼ਾ ਭਾਗੂਮਾਜਰਾ ਤੇ ਵੀ ਕਿਸਾਨਾਂ ਵਲੋਂ ਧਰਨਾ ਲਗਾ ਕੇ ਬੰਦ ਰੱਖਿਆ ਗਿਆ। ਇਸ ਮੌਕੇ ਧਰਨੇ ਨੂੰ ਵੱਖ-ਵੱਖ ਬੁਲਾਰਿਆਂ ਵਲੋਂ ਧਰਨੇ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਮੇਹਰ ਸਿੰਘ ਥੇੜੀ, ਦਵਿੰਦਰ ਸਿੰਘ ਦੇਹਕਲਾਂ, ਰਵਿੰਦਰ ਸਿੰਘ ਦੇਹਕਲਾਂ, ਦਵਿੰਦਰ ਸਿੰਘ, ਗੁਰਮੀਤ ਸਿੰਘ ਖੂਨੀਮਾਜਰਾ, ਅਮਨਦੀਪ ਸਿੰਘ ਅੰਮੂ,ਸੁਰਮੁੱਖ ਸਿੰਘ, ਗੁਰਵਿੰਦਰ ਸਿੰਘ,ਗੁਰਦੀਪ ਸਿੰਘ ਘੜੂੰਆਂ, ਹਰਮੇਲ ਸਿੰਘ ਲਾਲੀ, ਹਰਜੀਤ ਸਿੰਘ ਮੋਰਿੰਡਾ, ਤੇਜੀ ਸਕਰੂਲਾਂਪੁਰ, ਸੋਨੀ ਸਕਰੂਲਾਂਪੁਰ, ਤੇਜਵਿੰਦਰ ਸਿੰਘ ਤੇਜੀ ਘੜੂੰਆਂ, ਇੰਦਰਜੀਤ ਸਿੰਘ ਰਿੰਕੂ, ਸਰਬਜੀਤ ਸਿੰਘ ਗੋਲਾ ਸਾਬਕਾ ਸਰਪੰਚ ਘੜੂੰਆਂ, ਰਣਜੀਤ ਸਿੰਘ ਬਾਸੀਆਂ, ਬਹਾਦਰ ਸਿੰਘ ਨਿਆਮੀਆਂ, ਹਕੀਕਤ ਸਿੰਘ ਘੜੂੰਆਂ, ਅਮਨਦੀਪ ਸਿੰਘ ਅੰਮੂ, ਜਸਵਿੰਦਰ ਸਿੰਘ ਝੂੰਗੀਆਂ, ਹਰਜਿੰਦਰ ਸਿੰਘ, ਸੋਨੀ ਖੂਨੀਮਾਜਰਾ, ਗੁਰਜੰਟ ਸਿੰਘ ਪੋਪਨਿਆਂ, ਰਣਜੀਤ ਸਿੰਘ ਬਜਹੇੜੀ, ਅਵਤਾਰ ਸਿੰਘ, ਜਸਵੰਤ ਸਿੰਘ, ਪਰਮਜੀਤ ਸਿੰਘ ਬਰੌਲੀ ਸਰਪੰਚ, ਬਰਿੰਦਰ ਸਿੰਘ ਧਨੋਆ, ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜਰ ਸਨ।

# ਮਿੱਟੀ ਦਾ ਦੀਵਾ ਸਾਡੇ ਸੱਭਿਆਚਾਰ ਦਾ ਪ੍ਰਮੁੱਖ ਅੰਗ : ਪ੍ਰਿੰਸੀਪਲ ਡਾਕਟਰ ਬਿਮਲ ਸ਼ਰਮਾ

ਬਠਿੰਡਾ (ਲੋਕ ਬਾਣੀ)ਮਿੱਟੀ ਦੇ ਦੀਵੇ ਦੀ ਖੋਜ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਹੋਈ ਸੀ। ਪੁਰਾਣੇ ਸਮਿਆਂ ਵਿੱਚ ਬਿਜਲੀ ਨਹੀਂ ਹੁੰਦੀ ਸੀ ਅਤੇ ਲੋਕ ਰਾਤ ਦੇ ਹਨੇਰੇ ਵਿੱਚ ਰੌਸ਼ਨੀ ਕਰਨ ਲਈ ਹੋਰ ਕਈ ਚੀਜਾਂ ਦੀ ਵਰਤੋਂ ਹੀ ਕਰਦੇ ਸਨ। ਜਿਨਾਂ ਵਿੱਚੋਂ ਪ੍ਰਮੁੱਖ ਸੀ ਮਿੱਟੀ ਦਾ ਦੀਵਾ। ਮਿੱਟੀ ਦੇ ਦੀਵੇ ਨੇ ਰਾਤ ਦੇ ਹਨੇਰੇ ਵਿੱਚ ਰੋਸ਼ਨੀ ਲਿਆਉਣ ਲਈ ਬਹੁਤ ਹੀ ਯੋਗਦਾਨ ਦਿੱਤਾ ਹੈ। ਅੱਜ ਤੋਂ ਬਹੁਤ ਸਾਲ ਪਹਿਲਾਂ ਮਿੱਟੀ ਦੇ ਕੱਚੇ ਦੀਵੇ ਹੀ ਹੁੰਦੇ ਸਨ ਅਤੇ ਹੌਲੀ ਹੌਲੀ ਇਨਸਾਨ ਨੇ ਮਿੱਟੀ ਦੇ ਦੀਵਿਆਂ ਨੂੰ ਅੱਗ ਚ ਪਕਾ ਕੇ ਸਖਤ ਕਰ ਲਿਆ ਸੀ। ਇਹ ਦੀਵੇ ਵੀ ਕਈ ਪ੍ਰਕਾਰ ਦੇ ਹੁੰਦੇ ਸਨ ਜਿਵੇਂ ਕਿ ਛੋਟੇ ਦੀਵੇ ਅਤੇ ਵੱਡੇ ਦੀਵੇ।ਫਿਰ ਇਹਨਾਂ ਦੀਵਿਆਂ ਵਿੱਚ ਘਿਓ ਜਾਂ ਸਰਾਂ ਦਾ ਤੇਲ ਪਾ ਕੇ ਅਤੇ ਫਿਰ ਇਸ ਦੀਵੇ ਵਿੱਚ ਕਪਾਹ ਦੀ ਰੂੰ ਦੀ ਬੱਤੀ ਬਣਾ ਕੇ ਪਾਈ ਜਾਂਦੀ ਸੀ ਅਤੇ ਇਸ ਦੀਵੇ ਦੀ ਰਾਤ ਦੇ ਹਨੇਰੇ ਵਿੱਚ ਕਾਫੀ ਰੌਸ਼ਨੀ ਹੁੰਦੀ ਸੀ। ਲੋਕ ਆਪਣੀ ਲੋੜ ਅਨੁਸਾਰ ਛੋਟੇ ਅਤੇ ਵੱਡੇ ਆਕਾਰ ਦੇ ਦੀਵੇ ਆਪਣੇ ਘਰਾਂ ਵਿੱਚ ਰੱਖਦੇ ਸਨ।ਮਿੱਟੀ ਦੇ ਦੀਵੇ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਬਿਮਲ ਸ਼ਰਮਾ ਸੰਯੁਕਤ ਨਿਰਦੇਸ਼ਕ ਨੇ ਦੱਸਿਆ ਕਿ ਉਹਨਾਂ ਦਿਨਾਂ ਵਿੱਚ ਹਰ ਘਰ ਵਿੱਚ ਸ਼ਾਮ ਨੂੰ ਦੀਵਾ ਵਾਲਿਆ ਜਾਂਦਾ ਸੀ ਅਤੇ ਲੋਕ ਆਪਣੇ ਸਾਰੇ ਕੰਮ



ਇਸ ਦੀਵੇ ਦੀ ਰੋਸ਼ਨੀ ਵਿੱਚ ਹੀ ਕਰਦੇ ਸਨ। ਲੋਕ ਇਸ ਦੀਵੇ ਦੀ ਰੌਸ਼ਨੀ ਨਾਲ ਪੜ੍ਹਾਈ ਕਰਕੇ ਵੱਡੇ ਵੱਡੇ ਅਹੁਦਿਆਂ ਤੇ ਵੀ ਪਹੁੰਚੇ ਹਨ। ਭਾਵੇਂ ਕਿ ਅੱਜ ਕੱਲ ਇਹਨਾਂ ਦੀਵਿਆਂ ਦੀ ਜਗ੍ਹਾ ਬਿਜਲੀ ਨੇ ਲੈ ਲਈ ਹੈ ਪ੍ਰੰਤੂ ਫਿਰ ਵੀ ਕਈ ਧਾਰਮਿਕ ਸਥਾਨਾਂ ਅਤੇ ਹੋਰ ਕਈ ਥਾਵਾਂ ਤੇ ਦੀਵੇ ਵਾਲੇ ਜਾਂਦੇ ਹਨ ਅਤੇ ਕਈ ਰਸਮੋ ਰਿਵਾਜ਼ ਵੀ ਇਸ ਦੀਵੇ ਨੂੰ ਬਾਲ ਕੇ ਹੀ ਪੂਰੇ ਕੀਤੇ ਜਾਂਦੇ ਹਨ। ਇਹ ਦੀਵਾ ਜਨਮ ਤੋਂ ਮੌਤ ਤੱਕ ਮਨੁੱਖ ਦਾ ਸਾਥੀ ਰਿਹਾ ਹੈ ਅਤੇ ਅੱਜ ਵੀ ਹੈ। ਅੱਜ ਵੀ ਬਹੁਤ ਥਾਵਾਂ ਤੇ ਜਨਮ ਦਿਨ ਤੇ ਇਹ ਦੀਵੇ ਵਾਲੇ ਜਾਂਦੇ ਹਨ ਅਤੇ ਮੌਤ ਹੋਣ ਤੇ ਵੀ ਇਹ ਦੀਵਾ ਬੱਤੀ ਦੇਣ ਦਾ ਰਿਵਾਜ਼ ਹੈ। ਇਸ ਤੋਂ ਇਲਾਵਾ ਇਹ ਦੀਵੇ ਕਈ ਤਿਉਹਾਰਾਂ ਮੌਕੇ ਵੀ ਜਗਾਏ ਜਾਂਦੇ ਹਨ ਜਿਵੇਂ ਕਿ ਦਿਵਾਲੀ ਦਾ ਤਿਉਹਾਰ। ਦੀਵੇ ਨੇ ਸਾਡੇ ਸਮਾਜ ਅਤੇ ਸੱਭਿਆਚਾਰ ਤੇ ਅਮਿੱਟ ਛਾਪ ਛੱਡੀ ਹੈ ਅਤੇ ਇਹ ਦੀਵਾ ਹਰ ਧਰਮ, ਜਾਤ,ਅਮੀਰ ਅਤੇ ਗਰੀਬ ਵੱਲੋਂ ਅੱਜ ਵੀ ਬਾਲਿਆ ਜਾਂਦਾ ਹੈ ਇਥੋਂ ਤੱਕ ਕਿ ਇਸ ਦੀਵੇ ਨੇ ਤਾਂ ਲੋਕ ਗੀਤਾਂ ਵਿੱਚ ਵੀ ਆਪਣੀ ਖਾਸ ਜਗ੍ਹਾ ਬਣਾ ਲਈ ਸੀ ਜੋ ਕਿ ਅੱਜ ਵੀ ਬਰਕਰਾਰ ਹੈ ਜਿਵੇਂ ਕਿ ਦੀਵੇ ਦੇ ਨਾਂ ਤੇ ਇੱਕ ਪੰਜਾਬੀ ਗੀਤ ਬਹੁਤ ਮਸ਼ਹੂਰ ਹੋਇਆ ਹੈ ਦੀਵੇ ਦੀ ਲੋਅ ਵਾਂਗ ਜਿੰਦਗੀ ਦਾ ਖੇਲ ਵੇ, ਬੁਝ ਗਿਆ ਦੀਵਾ ਜਦੋਂ ਮੁੱਕ ਗਿਆ ਤੇਲ ਵੇਂ। ਦੀਵੇ ਨਾਲ ਸੰਬੰਧਿਤ ਕਈ ਮੁਹਾਵਰੇ ਵੀ ਕਾਫੀ ਮਸ਼ਹੂਰ ਹਨ ਜਿਵੇਂ ਕਿ ਦੀਵੇ ਥੱਲੇ ਹਨੇਰਾ। ਲੋਕ ਦੀਵੇ ਦੀ ਤੁਲਨਾ ਅਕਸਰ ਇਨਸਾਨ ਦੀ ਜ਼ਿੰਦਗੀ ਨਾਲ ਵੀ ਕਰਦੇ ਹਨ ਲੋਕਾਂ ਦੀ ਸੋਚ ਹੈ ਕਿ ਜਿਸ ਤਰ੍ਹਾਂ ਤੇਲ ਮੁੱਕਣ ਤੇ ਦੀਵਾ ਬੁਝ ਜਾਂਦਾ ਹੈ ਉਸੇ ਤਰ੍ਹਾਂ ਹੀ ਸਰੀਰ ਵਿੱਚੋਂ ਤੰਦਰੁਸਤੀ ਮੁੱਕ ਜਾਣ ਤੇ ਬੰਦਾ ਵੀ ਖਤਮ ਹੋ ਜਾਂਦਾ ਹੈ ਭਾਵ ਬੁਢਾਪਾ ਅਤੇ ਬਿਮਾਰੀ ਆਉਣ ਤੇ ਮਨੁੱਖ ਦੀ ਵੀ ਮੌਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕਈ ਵਾਰੀ ਲੋਕ ਇੱਕ ਦੂਜੇ ਤੇ ਵਿਅੰਗ ਵੀ ਕਸਦੇ ਹਨ ਅਤੇ ਕਹਿੰਦੇ ਹਨ ਕਿ ਚਲ ਦੀਵਾ ਜਿਹਾ ਨਾ ਹੋਵੇ ਤਾਂ। ਦੀਵਾ ਸਾਡੇ ਸਮਾਜ ਦੀ ਖਾਸ ਪਹਿਚਾਣ ਹੈ ਪ੍ਰੰਤੂ ਹੌਲੀ ਹੌਲੀ ਦੀਵਾ ਘਰਾਂ ਵਿੱਚੋਂ ਅਲੋਪ ਹੋ ਰਿਹਾ ਹੈ ਅਤੇ ਇਸ ਦੇ ਨਾਲ ਨਾਲ ਘਰਾਂ ਵਿੱਚੋਂ ਸਰੋਂ ਦਾ ਤੇਲ ਤੇ ਰੂੰ ਵੀ ਅਲੋਪ ਹੁੰਦੀ ਜਾ ਰਹੀ ਹੈ। ਪੁਰਾਣੇ ਜਮਾਨੇ ਵਿੱਚ ਬਹੁਤ ਸਾਰੇ ਲੋਕ ਦੀਵੇ ਬਣਾਉਣ ਦਾ ਕੰਮ ਕਰਦੇ ਸਨ ਅਤੇ ਉਹਨਾਂ ਦਾ ਰੁਜ਼ਗਾਰ ਵੀ ਵਧੀਆ ਚੱਲਦਾ ਸੀ ਪ੍ਰੰਤੂ ਅੱਜ ਕੱਲ ਬਹੁਤ ਹੀ ਘੱਟ ਲੋਕ ਦੀਵੇ ਬਣਾਉਂਦੇ ਹਨ ਅਤੇ ਇੱਕ ਤਰ੍ਹਾਂ ਨਾਲ ਦੀਵੇ ਬਣਾਉਣ ਦੀ ਕਲਾ ਖਤਮ ਹੀ ਹੁੰਦੀ ਜਾ ਰਹੀ ਹੈ। ਸਾਨੂੰ ਆਪਣੀ ਵਿਰਾਸਤ ਸੰਭਾਲਣ ਅਤੇ ਬਚਾਉਣ ਦੀ ਬਹੁਤ ਜਰੂਰਤ ਹੈ ਜੇਕਰ ਅਸੀਂ ਆਪਣਾ ਪੁਰਾਣਾ ਵਿਰਸਾ ਨਾ ਸੰਭਾਲਿਆ ਤਾਂ ਦੀਵੇ ਨਾ ਸਬੰਧਤ ਸ਼ਬਦਾਵਲੀ ਮੁਹਾਵਰੇ ਆਦੀ ਸਭ ਅਲੋਪ ਹੋ ਜਾਣਗੇ ਅਤੇ ਨਵੀਂ ਪੀੜੀ ਇਸ ਤੋਂ ਅਣਜਾਣ ਹੀ ਰਹਿ ਜਾਵੇਗੀ।

# 15ਵੇਂ 'ਰਾਸ਼ਟਰੀ ਵੋਟਰ ਦਿਵਸ' ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇੱਜ-2025' ਮੁਕਾਬਲੇ ਸਬੰਧੀ ਆਨਲਾਈਨ ਰਜਿਸਟਰੇਸ਼ਨ ਸ਼ੁਰੂ

ਸੰਗਰੂਰ, (ਲੋਕ ਬਾਣੀ) ਲੋਕਤੰਤਰ 'ਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਅਤੇ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਮੁੱਖ ਚੋਣ ਅਫਸਰ (ਸੀ.ਈ.ਓ.) ਪੰਜਾਬ, ਚੰਡੀਗੜ੍ਹ ਵੱਲੋਂ 15ਵੇਂ 'ਰਾਸ਼ਟਰੀ ਵੋਟਰ ਦਿਵਸ' ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇੱਜ-2025' ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ- ਕਮ -ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ 'ਪੰਜਾਬ ਇਲੈਕਸ਼ਨ ਕੁਇੱਜ-2025' ਤਹਿਤ ਮੁਕਾਬਲੇ ਆਨਲਾਈਨ ਅਤੇ ਆਫਲਾਈਨ ਦੋਵੇਂ ਤਰ੍ਹਾਂ ਨਾਲ ਕਰਵਾਏ ਜਾ ਰਹੇ ਹਨ।



ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਆਨਲਾਈਨ ਰਜਿਸਟਰੇਸ਼ਨ ਮਿਤੀ 17 ਜਨਵਰੀ 2025 ਤੱਕ ਕਰਵਾਈ ਜਾ ਸਕਦੀ ਹੈ ਅਤੇ ਆਨਲਾਈਨ ਇਲੈਕਸ਼ਨ ਕੁਇੱਜ ਮੁਕਾਬਲਾ ਮਿਤੀ 19 ਜਨਵਰੀ 2025 ਨੂੰ ਅਤੇ ਸੂਬਾ ਪੱਧਰੀ ਆਫ਼ਲਾਈਨ ਮੁਕਾਬਲਾ ਮਿਤੀ 24 ਜਨਵਰੀ 2025 ਨੂੰ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਗੇੜ ਵਿੱਚ ਆਨਲਾਈਨ ਮੁਕਾਬਲੇ ਤਹਿਤ ਜਿਲ੍ਹਾ ਪੱਧਰ 'ਤੇ ਜੇਤੂਆਂ ਦੀ ਪਹਿਚਾਣ ਕੀਤੀ ਜਾਵੇਗੀ ਅਤੇ ਫਾਈਨਲ ਆਫ਼ਲਾਈਨ ਮੁਕਾਬਲਾ 23 ਜਿਲ੍ਹਿਆਂ ਦੇ ਜੇਤੂਆਂ ਵਿਚਕਾਰ 24 ਜਨਵਰੀ ਨੂੰ ਲੁਧਿਆਣਾ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਇਲੈਕਸ਼ਨ ਕੁਇੱਜ-2025 ਲਈ ਆਨਲਾਈਨ ਰਜਿਸਟਰੇਸ਼ਨ ਕਰਵਾਈ ਜਾ ਸਕਦੀ ਹੈ ਅਤੇ ਮੁਕਾਬਲੇ ਵਿੱਚ ਸ਼ਾਮਿਲ ਹੋਣ ਲਈ ਵੋਟਰ ਸ਼ਨਾਖਤੀ ਕਾਰਡ, ਅਧਾਰ ਕਾਰਡ ਜਾਂ ਸਕੂਲ/ਕਾਲਜ ਵੱਲੋਂ ਜਾਰੀ ਕੀਤਾ ਗਿਆ ਪਹਿਚਾਣ ਪੱਤਰ ਜਮ੍ਹਾ ਕਰਵਾਇਆ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਸੂਬਾ ਪੱਧਰ 'ਤੇ ਜੇਤੂਆਂ ਨੂੰ ਜ਼ਿਲ੍ਹਾ ਲੁਧਿਆਣਾ ਵਿਖੇ ਕਰਵਾਏ ਜਾ ਰਹੇ ਸੂਬਾ ਪੱਧਰੀ ਰਾਸ਼ਟਰੀ ਵੋਟਰ ਦਿਵਸ ਮੌਕੇ ਸੀ.ਈ.ਓ. ਪੰਜਾਬ ਵੱਲੋਂ ਵਿਸ਼ੇਸ਼ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

# ਭਾਜਪਾ ਦੀਆਂ ਜਥੇਬੰਦਕ ਚੋਣਾਂ ਦੇ ਮੱਦੇ ਨਜਰ ਥਾਨੇਸਰ ਮੰਡਲ ਦੀ ਮੀਟਿੰਗ ਜਿਲਾ ਪ੍ਰਧਾਨ ਸੁਸ਼ੀਲ ਰਾਣਾ ਦੀ ਮੌਜੂਦਗੀ ਵਿਚ ਜਿਲਾ ਦਫਤਰ ਵਿਚ ਹੋਈ

ਸ਼ਾਹਬਾਦ ਮਾਰਕੰਡਾ (ਲੋਕ ਬਾਣੀ) ਪਾਰਟੀ ਦੀਆਂ ਜਥੇਬੰਦਕ ਚੋਣਾਂ ਦੇ ਸੰਦਰਭ ਵਿਚ ਥਾਨੇਸਰ ਮੰਡਲ ਦੀ ਮੀਟਿੰਗ ਭਾਜਪਾ ਜਿਲਾ ਦਫਤਰ ਵਿਚ ਮੰਡਲ ਪ੍ਰਧਾਨ ਹਰੀਸ਼ ਅਰੋੜਾ ਦੇ ਪ੍ਰਧਾਨਗੀ ਹੇਠ ਹੋਈ। ਜਿਲਾ ਮੀਡੀਆ ਇੰਚਾਰਜ ਸੈਲੈਸ਼ ਵਤਸ ਨੇ ਦਿੱਸਆ ਕਿ ਇਸ ਮੀਟਿੰਗ ਵਿਚ ਸਾਬਕਾ ਜਿਲਾ ਪ੍ਰਧਾਨ ਰਾਜ ਕੁਮਾਰ ਸੈਣੀ ਨੇ ਬਤੌਰ ਚੋਣ ਅਧਿਕਾਰੀ ਸ਼ਿਰਕਤ ਕੀਤੀ। ਭਾਜਪਾ ਜਿਲਾ ਪ੍ਰਧਾਨ ਸੁਸ਼ੀਲ ਰਾਣਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਪਾਰਟੀ ਕਾਰਕੁੰਨਾ ਤੇ ਆਹੁਦੇਦਾਰਾਂ ਨੂੰ ਪਾਰਟੀ ਦੀਆਂ ਗਤੀਵਿਧੀਆਂ ਤੋਂ ਜਾਣੂੰ ਕਰਾਇਆ।ਬੈਠਕ ਵਿਚ ਭਾਜਪਾ ਕਾਰਕੁੰਨਾਂ ਨੇ ਆਗਾਮੀ ਚੋਣਾਂ ਲਈ ਰਣਨੀਤੀ ਤੇ ਕਾਰਜ ਪ੍ਰਣਾਲੀ ਤੇ ਵਿਸਤਾਰ ਨਾਲ ਚਰਚਾ ਕੀਤੀ। ਜਿਲਾ ਪ੍ਰਧਾਨ ਨੇ ਬੈਠਕ ਵਿਚ ਹਿੱਸਾ ਲੈਣ ਵਾਲੇ ਕਾਰਕੁੰਨਾਂ ਨੂੰ ਪਾਰਟੀ ਦੀਆਂ ਨੀਤੀਆਂ ਤੇ ਸੰਗਠਨ ਦੇ ਢਾਂਚੇ ਨੂੰ ਮਜਬੂਤੀ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਬੈਠਕ ਵਿਚ ਪਾਰਟੀ ਦੇ ਵੱਖ ਵੱਖ ਪੱਧਰਾਂ ਤੇ ਵਰਕਰਾਂ ਨੂੰ ਹੋਰ ਸਰਗਰਮ ਤੇ ਜਥੇਬੰਦ ਹੋਣ ਦਾ ਸੱਦਾ ਦਿੱਤਾ ਗਿਆ ਤੇ ਨਾਲ ਹੀ ਆਉਣ ਵਾਲੀਆਂ ਚੋਣਾਂ ਵਿਚ ਪਾਰਟੀ ਨੂੰ ਵੱਧ ਤੋਂ ਵੱਧ ਸਮਰਥਨ ਹਾਸਲ ਕਰਨ ਲਈ




ਯੋਜਨਾਵਾਂ ਉਲੀਕੀਆਂ ਗਈਆਂ। ਜਿਲਾ ਪ੍ਰਧਾਨ ਨੇ ਇਹ ਵੀ ਕਿਹਾ ਕਿ ਭਾਜਪਾ ਵਰਕਰਾਂ ਦੀ ਮਿਹਨਤ ਤੇ ਲਗਨ ਸਦਕਾ ਹੀ ਪਾਰਟੀ ਸੱਤਾ ਵਿਚ ਆਈ ਹੈ ਤੇ ਸਾਰਿਆਂ ਨੇ ਇਕ ਜੁੱਟ ਹੋ ਕੇ ਕੰਮ ਕੀਤਾ ਹੈ। ਇਸ ਮੌਕੇ ਜਿਲਾ ਜਨਰਲ ਸਕੱਤਰ ਤੇਜਿੰਦਰ ਗੋਲਡੀ,ਸਕੱਤਰ ਗੌਰਵ ਭੱਟ, ਬਾਬੂ ਤਾਇਆ ਰਾਮ, ਸ਼ਾਮ ਲਾਲ ਜਾਂਗੜਾ,ਵਿਵੇਕ ਰਾਵਤ, ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਾਰਕੁੰਨ ਮੌਜੂਦ ਸਨ। ਜਿਲਾ ਪ੍ਰਧਾਨ ਰਾਣਾ ਨੇ ਸਾਰੇ ਵਰਕਰਾਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੀਆਂ ਚੋਣਾਂ ਲਈ ਭਾਜਪਾ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਖਰੜ ਵਲੋਂ ਅਹੁੱਦੇ ਸੰਭਾਲੇ





ਖਰੜ,31 ਦਸੰਬਰ ( ਕਾਲਾ ਸਿੰਘ ਸੈਣੀ )-ਪੰਜਾਬ ਸਰਕਾਰ ਦੇ ਮਾਲ ਵਿਭਾਗ ਵਲੋਂ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੇ ਕੀਤੇ ਤਬਦਾਲਿਆਂ ਵਿਚ ਤਹਿਸੀਲ ਖਰੜ ਵਿਚ ਤਾਇਨਾਤ ਕੀਤੇ ਗਏ ਤਹਿਸੀਲਦਾਰ ਜਸਵਿੰਦਰ ਸਿੰਘ ਅਤੇ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਵਲੋਂ ਅਹੁੱਦਾ ਸੰਭਾਲ ਲਿਆ। ਸਬ ਰਜਿਸਟਰਾਰ ਖਰੜ ਨਵਪ੍ਰੀਤ ਸਿੰਘ ਸ਼ੇਰਗਿੱਲ ਅਤੇ ਸਮੂਹ ਸਟਾਫ ਮੈਂਬਰਾਂ ਵਲੋਂ ਦੋਵੇ ਅਧਿਕਾਰੀਆਂ ਨੂੰ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ। ਜਿਕਰਯੋਗ ਹੈ ਕਿ ਤਹਿਸੀਲਦਾਰ ਜਸਵਿੰਦਰ ਸਿੰਘ ਪਹਿਲਾਂ ਵੀ ਬਤੌਰ ਤਹਿਸੀਲਦਾਰ ਸੇਵਾਵਾਂ ਦੇ ਚੁੱਕੇ ਹਨ। ਇਸ ਮੌਕੇ ਆਰ.ਸੀ.ਦਵਿੰਦਰ ਸਿੰਘ, ਤਹਿਸੀਲਦਾਰ ਦੇ ਰੀਡਰ ਪੁਸ਼ਪਿੰਦਰ ਸੂਦ, ਨਾਇਬ ਤਹਿਸੀਲਦਾਰ ਦੇ ਰੀਡਰ ਸੰਤੋਖ ਸਿੰਘ, ਵਿਕਾਸ ਜੈਨ, ਪਟਵਾਰੀ ਅਮਨਦੀਪ ਸਿੰਘ,ਰਜ਼ਨੀ ਬਾਲਾ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਜੈ ਮਾਤਾ ਵੈਸ਼ਨੋ ਦੇਵੀ ਸੇਵਾ ਸਮਿਤੀ ਗਿੱਦੜਬਾਹਾ ਵੱਲੋਂ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ 32,ਵੀਂ ਬੱਸ ਰਵਾਨਾ



ਗਿੱਦੜਬਾਹਾ(ਲੋਕ ਬਾਣੀ) ਜੈ ਮਾਤਾ ਵੈਸ਼ਨੋ ਦੇਵੀ ਸੇਵਾ ਸਮਿਤੀ ਰਜਿ ਗਿੱਦੜਬਾਹਾ ਵੱਲੋਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਗਈ ਬੱਸ ਯਾਤਰਾ ਦੀ ਲੜੀ ਤਹਿਤ ਸੰਸਥਾ ਦੇ ਪ੍ਰਧਾਨ ਪੁਨੀਤ ਕਟਾਰੀਆ ਦੀ ਅਗਵਾਈ ਹੇਠ ਅੱਜ ਸ਼ਾਮ ਨੂੰ ਸ਼ਰਧਾਲੂਆਂ ਦੇ ਜੱਥੇ ਦੀ ਬੱਸ ਨੂੰ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਸਰਕੂਲਰ ਰੋਡ ਨਜ਼ਦੀਕ ਪੰਜ ਫੋਟੋ ਨਸਵਾਰ ਫੈਕਟਰੀ ਤੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਸੰਸਥਾ ਦੇ ਸਕੱਤਰ ਡਾ ਅਨਿਲ ਗਰਗ ਨੇ ਦੱਸਿਆ ਕਿ ਅੱਜ ਮਾਂ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ 56 ਸ਼ਰਧਾਲੂਆਂ ਦੀ 32 ਵੀਂ ਬੱਸ ਮੂੰਹ ਕਟੜਾ ਲਈ ਰਵਾਨਾ ਕੀਤਾ ਗਿਆ ਹੈ। ਜੈ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਕੇ ਆਪਣੀਆਂ ਮੰਨਤਾਂ ਪੂਰੀਆਂ ਕਰਨ ਉਪਰਾਂਤ ਵਾਪਿਸ ਗਿੱਦੜਬਾਹਾ ਪੁੱਜੇਗੀ। ਇਸ ਮੌਕੇ ਪ੍ਰਧਾਨ ਪੁਨੀਤ ਕਟਾਰੀਆ, ਸਕੱਤਰ ਡਾ ਅਨਿਲ ਗਰਗ, ਹਿਤੇਸ਼ ਗਰਗ, ਮੋਹਿਤ ਗਰਗ, ਮੋਨੂ ਗਰਗ, ਮੁਕੇਸ਼ ਵਰਮਾ,ਨਿੱਕਾ ਪਾਹੂਜਾ, ਕਾਲ਼ਾ ਡਾਇਮੰਡ, ਬਸੰਤੀ ਸਿੰਘ ਅਤੇ ਕਾਕਾ ਸਿੰਘ ਆਦਿ ਸ਼ਰਧਾਲੂ ਹਾਜ਼ਰ ਸਨ

# ਭਾਰਤ ਵਿਕਾਸ ਪ੍ਰੀਸ਼ਦ ਦੀ 31ਵੀਂ ਰਾਸ਼ਟਰੀ ਕਾਨਫਰੰਸ ਸਫਲਤਾਪੂਰਵਕ ਸੰਪੰਨ ਹੋਈ

ਜੈਤੋ, (ਲੋਕ ਬਾਣੀ) ਦੇਸ਼ ਦੀ ਸੇਵਾ ਲਈ ਸਿਹਤਮੰਦ, ਸਸ਼ਕਤ ਸੰਸਕ੍ਰਿਤ ਭਾਰਤ ਦੇ ਸੰਕਲਪ ਨੂੰ ਪੂਰਾ ਕਰਦੇ ਹੋਏ ਪਿਛਲੇ 62 ਸਾਲਾਂ ਤੋਂ ਦੇਸ਼ ਦੀ ਮੋਹਰੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਦਾ 31ਵਾਂ ਰਾਸ਼ਟਰੀ ਸੰਮੇਲਨ 28 ਅਤੇ 29 ਦਸੰਬਰ ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਪੰਜਾਬ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ।

ਅੱਜ ਜੈਤੋ ਵਿਖੇ ਉਪਰੋਕਤ ਵਿਸ਼ੇ ਤੇ ਚੁਨਿੰਦਾ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪੰਜਾਬ ਦੱਖਣੀ ਦੇ ਪਬਲਿਕ ਅਤੇ ਪਬਲੀਸਿਟੀ ਇੰਚਾਰਜ ਰਾਜੀਵ ਗੋਇਲ ਬਿੱਟੂ ਬਾਦਲ ਨੇ ਦੱਸਿਆ ਕਿ ਇਸ ਰਾਸ਼ਟਰੀ ਕਨਵੈਨਸ਼ਨ ਚ ਦੇਸ਼ ਭਰ ਚੋਂ ਹਜ਼ਾਰਾਂ ਦੀ ਗਿਣਤੀ ਚ ਪ੍ਰੀਸ਼ਦ ਦੇ ਵਰਕਰ ਪੁੱਜੇ ਅਤੇ ਦੇਸ਼ ਵਿੱਚ ਪ੍ਰੀਸ਼ਦ ਦੇ 10 ਖੇਤਰਾਂ ਦੀ ਪਿਛਲੇ ਦੋ ਸਾਲਾਂ ਦੇ ਕੰਮਾਂ ਦੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਦੀ ਦਿਸ਼ਾ ਬਾਰੇ ਚਰਚਾ ਕੀਤੀ ਗਈ। ਕਨਵੈਨਸ਼ਨ ਰਾਹੀਂ ਪ੍ਰੀਸ਼ਦ ਦੇ ਹਜ਼ਾਰਾਂ ਵਰਕਰਾਂ ਨੂੰ ਪ੍ਰੀਸ਼ਦ ਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲਿਆ।

ਭਾਰਤ ਵਿਕਾਸ ਪ੍ਰੀਸ਼ਦ ਪੂਰਬੀ ਖੇਤਰ-1 ਦੇ ਖੇਤਰੀ ਪ੍ਰਧਾਨ ਸੁਸ਼ੀਲ ਸ਼ਰਮਾ ਨੇ ਭਾਰਤ ਭਰ ਤੋਂ ਆਏ ਪ੍ਰੀਸ਼ਦ ਅਧਿਕਾਰੀਆਂ ਅਤੇ ਵਰਕਰਾਂ ਨੂੰ ਕਨਵੈਨਸ਼ਨ ਵਿੱਚ ਪੁੱਜਣ 'ਤੇ ਜੀ ਆਇਆਂ ਕਿਹਾ। ਭਾਰਤ ਵਿਕਾਸ ਪ੍ਰੀਸ਼ਦ ਦੇ ਕੌਮੀ ਪ੍ਰਧਾਨ ਅਤੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਮਾਨਯੋਗ ਆਦਰਸ਼ ਕੁਮਾਰ ਗੋਇਲ ਨੇ ਉਪਰੋਕਤ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਸਭ ਤੋਂ ਪਹਿਲਾਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਅਚਾਨਕ ਹੋਈ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਸੰਪੂਰਨ ਭਾਰਤ ਵਿਕਾਸ ਪ੍ਰੀਸ਼ਦ ਦੀ ਤਰਫੋਂ ਸ਼ਰਧਾਂਜਲੀ ਭੇਟ ਕੀਤੀ।ਇਸ ਤੋਂ ਬਾਅਦ ਉਨ੍ਹਾਂ ਵਿਸ਼ੇਸ਼ ਤੌਰ ਆਸ਼ੀਰਵਾਦ ਦੇਣ ਪਹੁੰਚੇ ਸਤਿਕਾਰਯੋਗ ਪਦਮਸ੍ਰੀ ਸੰਤ ਬਾਬਾ ਸੇਵਾ ਸਿੰਘ ਜੀ ਅਤੇ ਵਿਸ਼ੇਸ਼ ਮਹਿਮਾਨ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ: ਅਸ਼ੋਕ ਮਿੱਤਲ ਦਾ ਇਸ ਸੰਮੇਲਨ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਆਪਣੇ ਬਿਆਨ ਵਿੱਚ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਦੇਸ਼ ਭਰ ਵਿੱਚ ਸੱਭਿਆਚਾਰਕ ਅਤੇ ਸੇਵਾ ਕਾਰਜਾਂ ਵਿੱਚ ਲੱਗੀ ਹੋਈ ਹੈ। ਅਜੋਕੇ ਸਮੇਂ ਵਿੱਚ ਸਮਾਜ ਅਤੇ ਪਰਿਵਾਰਾਂ ਵਿੱਚ ਕਦਰਾਂ-ਕੀਮਤਾਂ ਦੀ ਲੋੜ ਸਭ ਤੋਂ ਵੱਧ ਹੈ। ਅੱਜ ਸਾਨੂੰ ਕਦਰਾਂ-ਕੀਮਤਾਂ ਅਤੇ ਸੇਵਾ ਵੱਲ ਧਿਆਨ ਦੇ ਕੇ ਆਪਣਾ ਟੀਚਾ ਹਾਸਲ ਕਰਨ ਦੀ ਲੋੜ ਹੈ, ਸਮਾਜ ਵਿੱਚੋਂ ਗਰੀਬੀ ਦੂਰ ਕਰਨ, ਵਾਂਝੇ ਲੋਕਾਂ ਨੂੰ ਆਤਮ ਨਿਰਭਰ ਬਣਾਉਣ, ਪਰਿਵਾਰਕ ਤਣਾਅ ਘਟਾਉਣ, ਬੱਚਿਆਂ ਵਿੱਚ ਅਨੁਸ਼ਾਸਨ ਅਤੇ ਦੇਸ਼ ਭਗਤੀ ਵਰਗੀਆਂ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਔਰਤਾਂ ਦੀ ਵਿਸ਼ੇਸ਼ ਭੂਮਿਕਾ ਹੈ। ਰਾਸ਼ਟਰੀ ਸੰਮੇਲਨ ਵਿੱਚ, ਪ੍ਰੀਸ਼ਦ ਦੀ ਸਿਖਰਲੀ ਲੀਡਰਸ਼ਿਪ ਨੇ ਦੇਸ਼ ਦੇ ਵਿਕਾਸ ਨਾਲ ਜੁੜੇ ਨਵੇਂ ਆਯਾਮਾਂ ਅਤੇ ਸਮਾਜਿਕ ਤਬਦੀਲੀ ਦੇ ਪੰਜ ਸੂਤਰ ਜਿਵੇਂ ਕਿ ਵਾਤਾਵਰਣ, ਨਾਗਰਿਕ ਫਰਜ਼, ਸਮਾਜਿਕ ਸਦਭਾਵਨਾ, ਸਵਦੇਸ਼ੀ, ਮਹਿਲਾ ਸਸ਼ਕਤੀਕਰਨ ਅਤੇ ਉੱਨਤੀ ਅਤੇ ਪਰਿਵਾਰਕ ਸਸ਼ਕਤੀਕਰਨ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ। ਆਉਣ ਵਾਲੇ ਸਾਲਾਂ ਲਈ ਪ੍ਰੀਸ਼ਦ ਦੇ ਮੌਜੂਦਾ ਕੰਮਕਾਜ ਆਦਿ ਵਿਸ਼ਿਆਂ ਤੇ ਵੀ ਮਾਰਗਦਰਸ਼ਨ ਕੀਤਾ ਗਿਆ। ਭਾਰਤ ਵਿਕਾਸ ਪ੍ਰੀਸ਼ਦ ਦੇ ਰਾਸ਼ਟਰੀ ਸੰਗਠਨ ਮੰਤਰੀ ਮਾਨਯੋਗ ਸੁਰੇਸ਼ ਜੈਨ ਨੇ ਸੰਮੇਲਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਆਪਣੇ ਬਿਆਨ ਵਿਚ ਕਿਹਾ ਕਿ ਦੇਸ਼ ਵਿਚ ਸਮਾਜਿਕ ਸਦਭਾਵਨਾ ਨੂੰ ਪ੍ਰਫੁੱਲਤ ਕਰਨ, ਗਰੀਬਾਂ ਨੂੰ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਅਤੇ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ । ਇਸ ਕਨਵੈਨਸ਼ਨ ਵਿੱਚ ਹਰ ਘਰ ਵਿੱਚ ਸਿੱਖਿਆ ਦਾ ਗਿਆਨ, ਝੁੱਗੀਆਂ ਵਿੱਚ ਰਹਿਣ ਵਾਲੀਆਂ ਮਾਵਾਂ ਅਤੇ ਭੈਣਾਂ ਨੂੰ ਅਨੀਮੀਆ ਅਤੇ ਕੁਪੋਸ਼ਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ, ਰਾਸ਼ਟਰ ਨਿਰਮਾਣ ਵਿੱਚ ਸੰਸਥਾ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ ਆਦਿ ਵਿਸ਼ਿਆਂ ਤੇ ਚਰਚਾ ਕੀਤੀ ਗਈ। ਇਸ ਕਨਵੈਨਸ਼ਨ ਵਿੱਚ



ਦੇਸ਼ ਭਰ ਤੋਂ ਸਾਢੇ ਤਿੰਨ ਹਜ਼ਾਰ ਤੋਂ ਵੱਧ ਲੋਕਾਂ ਨੇ ਇੱਕ ਦੂਜੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸੰਮੇਲਨ ਵਿੱਚ ਸਾਹਮਣੇ ਆਏ ਵਿਚਾਰਾਂ ਨੂੰ ਦੇਸ਼ ਭਰ ਵਿੱਚ ਪ੍ਰਤੀਬਿੰਬਤ ਅਤੇ ਲਾਗੂ ਕੀਤਾ ਜਾਵੇਗਾ।

ਭਾਰਤ ਵਿਕਾਸ ਪ੍ਰੀਸ਼ਦ ਦੇ ਰਾਸ਼ਟਰੀ ਮੀਡੀਆ ਇੰਚਾਰਜ ਪ੍ਰੇਮ ਸ਼ੰਕਰ ਸਿੰਘ ਅਤੇ ਮੀਡੀਆ ਪ੍ਰੋਜੈਕਟ ਦੇ ਰਾਸ਼ਟਰੀ ਉਪ ਚੇਅਰਮੈਨ ਵਿਪਿਨ ਗੁਪਤਾ ਨੇ ਕਿਹਾ ਕਿ ਮੀਡੀਆ ਸਮੂਹਾਂ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਸਮਾਜਿਕ ਪਰਿਵਰਤਨ ਦੇ ਕਾਰਜਾਂ ਤੋਂ ਆਮ ਲੋਕਾਂ ਨੂੰ ਜਾਣੂ ਕਰਵਾਉਣ ਲਈ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਹੈ।

ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਪੂਰਬੀ ਦੇ ਸੂਬਾਈ ਪ੍ਰਧਾਨ ਰਾਜ ਚੌਧਰੀ ਨੇ ਰਾਸ਼ਟਰੀ ਅਤੇ ਖੇਤਰੀ ਅਧਿਕਾਰੀਆਂ ਦਾ ਆਪਣੇ ਸੂਬੇ ਨੂੰ ਇਸ ਰਾਸ਼ਟਰੀ ਸੰਮੇਲਨ ਦੀ ਮੇਜ਼ਬਾਨੀ ਕਰਨ ਦਾ ਮੌਕਾ ਦੇਣ ਲਈ ਅਤੇ ਪ੍ਰੋਗਰਾਮ ਵਿੱਚ ਹਾਜ਼ਰ ਸਾਰੇ ਕਾਰਜਕਰਤਾਵਾਂ ਦਾ ਧੰਨਵਾਦ ਕੀਤਾ।

# ਸਾਲ ਬਦਲਦੇ ਰਹਿਣਗੇ,,,,,

ਨਵਾਂ ਸਾਲ ਮੁਬਾਰਕ! ਹੈਪੀ ਨਿਊ ਯੀਅਰ, ਦੇ ਢੇਰਾਂ ਦੇ ਢੇਰ ਮੈਸੇਜਿਸ, ਕਿਸੇ ਦੀ ਸੋਚ ਨਾਲ, ਕਿਸੇ ਦੁਆਰਾ ਬਣਾਇਆ ਗਿਆ ਸਿਰਜਿਆ ਗਿਆ ਮੈਸੇਜ, ਇੱਕ ਦੂਸਰੇ ਨੂੰ ਭੇਜ ਕੇ ਕਿੰਨੀ ਕੁ ਖੁਸ਼ੀ ਹਾਸਿਲ ਕਰਦੇ ਹਾਂ , ਇਹ ਅਸੀਂ ਸਾਰੇ ਭਲੀ-ਭਾਂਤੀ ਜਾਣਦੇ ਹਾਂ। ਅਸੀਂ ਅਜਿਹਾ ਕੁਝ ਸਿਰਜੀਏ, ਬਣਾਈਏ ਜਿਸਨੂੰ ਇੱਕ ਦੂਜੇ ਨਾਲ ਸਾਂਝਾ ਕਰੀਏ। ਅਸੀਂ ਇੱਕ ਫਾਰਮੈਲਿਟੀ ਵੱਸ ਇਹ ਸਭ ਕਰ ਰਹੇ ਹਾਂ। ਵੇਖਾ-ਵੇਖੀ ਆਪਣੀ ਪਹਿਚਾਣ ਬਣਾਉਣ ਦੀ ਥਾਂ ਤੇ ਭੀੜ ਦਾ ਹਿੱਸਾ ਬਣਨਾ ਜਿਆਦਾ ਪਸੰਦ ਕਰਦੇ ਹਾਂ। ਮਹਿੰਗੇ ਮਹਿੰਗੇ ਰੈਸਟੋਰੇਂਟਸ, ਹੋਟਲਾਂ ਵਿੱਚ ਖਾਣਾ ਖਾ ਕੇ, ਕੇਕ ਕੱਟਦੇ ਹਾਂ ਸਿਰਫ਼ ਤੇ ਸਿਰਫ਼ ਸਟੇਟਸ ਵਿੱਚ ਸ਼ੋਅ ਕਰਨ ਲਈ। ਸਾਲ ਬਦਲ ਰਿਹਾ,,, ਕੀ ਸਚਮੁੱਚ ਹੀ ਸਾਲ ਬਦਲ ਰਿਹਾ ਹੈ, ਕੁੱਝ ਨਵਾਂ ਬਦਲਾਅ ਆਉਣ ਵਾਲਾ ਹੈ? ਰਾਤੋ-ਰਾਤ ਕੋਈ ਚਮਤਕਾਰ ਹੋ ਜਾਣਾ ਕਿ ਅਸੀਂ ਬਹੁਤ ਤਰੱਕੀ ਕਰ ਲੈਣੀ ਹੈ। ਨਹੀਂ ,, ਅਜਿਹਾ ਕੁਝ ਨਹੀਂ ਹੁੰਦਾ। ਹਰ ਸਾਲ ਇੱਕ ਨਵਾਂ ਸਾਲ ਸਾਡੀ ਜਿੰਦਗੀ ਵਿੱਚ ਆਉਂਦਾ ਹੈ, ਤੇ ਲੰਘ ਜਾਂਦਾ ਹੈ ਅਤੇ ਇੰਝ ਕਰਦਿਆਂ ਸਾਡੀ ਜਿੰਦਗੀ ਦੇ ਕਿੰਨੇ ਵਰ੍ਹੇ ਲੰਘ ਗਏ। ਪਰ ਅਸੀਂ ਕੀਤਾ ਕੀ ਹੈ? ਕੀ ਕਦੇ ਕਿਸੇ ਦਾ ਭਲਾ ਕੀਤਾ, ਇਮਾਨਦਾਰੀ ਨਾਲ ਕੰਮ ਕੀਤਾ? ਕਿਸੇ ਨਾਲ ਬੇਇਨਸਾਫੀ ਜਾਂ ਧੱਕਾ ਤਾਂ ਨਹੀਂ ਕੀਤਾ ਜਾਂ ਕਿਸੇ ਦੀ ਸੱਚੇ ਦਿਲੋਂ ਮਦਦ ਕੀਤੀ ਹੋਵੇ। ਜਾਣੇ ਅਣਜਾਣੇ ਕਿਸੇ ਨੂੰ ਮਾੜਾ ਬੋਲੇ ਜਾਣ ਦਾ ਮਨ ਅੰਦਰ ਪਛਤਾਵਾ ਕੀਤਾ? ਯਾਦ ਰੱਖਣ ਵਾਲੀ ਗੱਲ ਹੈ ਕਿ ਇਸ ਸਾਲ ਵਿੱਚ ਅਸੀਂ ਕਿਹੜਾ ਅਜਿਹਾ ਕੰਮ ਕੀਤਾ ਕਿ ਸਾਡਾ ਸਾਲ ਬਹੁਤ ਵਧੀਆ ਬੀਤਿਆ ਅਤੇ ਆਉਣ ਵਾਲਾ ਸਾਲ ਵੀ ਚੰਗੇ ਕੰਮਾਂ ਦੇ ਲੇਖੇ ਲੱਗੇ। ਜਾਂ ਅਰਦਾਸ ਕਰੀਏ ਕਿ ਜੋ ਅਸੀਂ ਇਸ ਸਾਲ ਨਹੀਂ ਕਰ ਸਕੇ, ਪਰਮਾਤਮਾ ਆਉਣ ਵਾਲੇ ਸਾਲ ਵਿੱਚ ਕਰਨ ਲਈ ਸਹਾਈ ਹੋਣਾ, ਸਾਰਥਕ ਸੋਚ ਦੇ ਹਾਣੀ ਬਣਾਉਣਾ, ਜੀਉ। ਅਸਲ ਵਿੱਚ ਜਿੰਨੀਂ ਤੇਜੀ ਨਾਲ ਸਮਾਂ ਬਦਲ ਰਿਹਾ, ਸਾਲ ਲੰਘ ਰਹੇ, ਉਸ ਨਾਲੋਂ ਕਿਤੇ ਜਿਆਦਾ ਤੇਜੀ ਨਾਲ ਇਨਸਾਨ ਦਾ ਸੁਭਾਅ ਬਦਲ ਰਿਹਾ, ਸੋਚ ਬਦਲ ਰਹੀ।

ਅਸੀਂ ਪਦਾਰਥਵਾਦੀ ਹੋ ਚੁੱਕੇ ਹਾਂ। ਆਪਣੀਆਂ ਪੁਰਾਤਨ ਵਸਤਾਂ, ਪਹਿਰਾਵਾ, ਸੱਭਿਆਚਾਰ ਇੱਥੋਂ ਤੱਕ ਕਿ ਬਜੁਰਗਾਂ ਨੂੰ ਘਰਾਂ ਵਿੱਚ ਰੱਖਣਾ ਪਸੰਦ ਨਹੀਂ ਕਰਦੇ। ਆਮ ਘਰਾਂ ਦੀ ਵਿਰਾਸਤ ਹੁਣ ਵਪਾਰਕ ਹੋ ਚੁੱਕੀ ਹੈ। ਅਸੀਂ ਆਪਣੀ ਹੀ ਵਿਰਾਸਤ ਮੁੱਲ ਦੇ ਕੇ ਭਾਵ ਟਿਕਟ ਲੈ ਕੇ ਵੇਖਣ ਜਾਂਦੇ ਹਾਂ। ਮੱਕੀ ਦੀ ਰੋਟੀ, ਸਰੋਂ ਦਾ ਸਾਗ,,,, ਇਹ ਸਾਡੀ ਸ਼ਾਨ ਸੀ, ਤੇ ਅੱਜ ਅਸੀਂ ਸਾਇਦ ਤਾਂ ਹੀ ਮੇਲਿਆਂ ਵਿੱਚ ਲੱਗੇ ਸਟਾਲਾਂ ਤੋਂ ਖਾਣ ਲੱਗ ਗਏ ਹਾਂ ਕਿਉਂਕਿ ਸਾਨੂੰ ਬਣਾਉਣੀ ਨਹੀਂ ਆਉਂਦੀ ਜਾਂ ਇੰਝ ਕਹਿ ਲਈਏ ਕਿ ਹੱਥੀਂ ਕੰਮ ਕਰਨਾ ਨਹੀਂ ਚਾਹੁੰਦੇ।

ਅਸੀਂ ਸ਼ਹਿਰਾਂ ਵਿੱਚ ਆ ਵੱਸੇ। ਕੋਠਿਆਂ ਤੋਂ ਨਿਕਲ ਕੇ ਰਿਹਾਇਸ਼ੀ ਕਲੋਨੀਆਂ ਵਿੱਚ ਆਲੀਸ਼ਾਨ ਕੋਠੀਆਂ ਪਾ ਲਈਆਂ। ਮੰਜਿਆਂ, ਪੀੜੀਆਂ ਤੋਂ ਕੁਰਸੀਆਂ ਤੇ ਆ ਗਏ। ਇਸ ਦਾ ਸਭ ਤੋਂ ਵਧੇਰੇ ਅਸਰ ਪਿਆ ਸਾਡੇ ਬਜੁਰਗਾਂ ਤੇ। ਉਹਨਾਂ ਦੀਆਂ ਗੱਲਾਂ ਮੁੱਕ ਗਈਆਂ, ਕਿਉਂ ਕਿ ਗੱਲਾਂ ਇਨਸਾਨ ਦੇ ਮਨ ਦਾ ਬੋਝ ਤੇ ਸਰੀਰ ਦਾ ਥਕੇਵਾਂ ਲਾਹ ਦਿੰਦੀਆਂ ਨੇ। ਅਸੀਂ ਗਲੀਆਂ ਵਿੱਚ ਉਹਨਾਂ ਦੇ ਬੈਠਣ ਤੇ ਪਾਬੰਧੀਆਂ ਲਗਾ ਦਿੱਤੀਆਂ। ਉਹਨਾਂ ਨੂੰ ਖੁੱਲ ਕੇ ਜਿਉਣ ਦਾ ਹੱਕ ਉਹਨਾਂ ਕੋਲੋਂ ਖੋਹ ਲਿਆ, ਜੋ ਕਿ ਬਹੁਤ ਵੱਡੀ ਤ੍ਰਾਸਦੀ ਹੈ।

ਪੁਰਾਣੇ ਵੇਲਿਆਂ ਵਿੱਚ ਦੁੱਧ ਪੁੱਤ ਦੀ ਕਦਰ ਇੱਕ ਬਰਾਬਰ ਸੀ, ਮਿੱਟੀ ਨਾਲ ਮੋਹ ਸੀ, ਤੇ ਜੱਟ-ਜਿੰਮੀਦਾਰਾਂ ਦੇ ਘਰ ਵਿੱਚ ਲੱਸੀ ਦੀਆਂ ਬਰਕਤਾਂ ਹੁੰਦੀਆਂ ਤੇ ਸਾਰਾ ਪਿੰਡ ਲੱਸੀ ਲੈ ਜਾਂਦਾ। ਹੁਣ ਤੇ ਮਿੱਟੀ ਵੀ ਮੁੱਲ ਵਿਕਦੀ ਤੇ ਚਾਟੀ ਦੀ ਲੱਸੀ ਵੀ। ਹੱਥੀਂ ਕੰਮ ਕਰਕੇ ਕੋਈ ਰਾਜੀ ਨਹੀਂ, । ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਹੱਥੀਂ ਕੰਮ ਕਰਨ ਵਾਲੀ ਸਾਡੀ ਆਖਰੀ ਪੀੜੀ ਹੋਵੇਗੀ। ਅਸੀਂ ਆਪਣੀਆਂ ਬੱਚੀਆਂ ਨੂੰ ਕੰਮ ਦੱਸ ਕੇ ਰਾਜੀ ਨਹੀਂ। ਹੱਥਾਂ ਦੀ ਕੋਮਲਤਾ ਤੇ ਸੁੰਦਰਤਾ ਵੱਲ ਵੇਖਦੇ ਇਹ ਵੀ ਭੁੱਲ ਗਏ ਕਿ ਸਾਡੀ ਮਾਵਾਂ ਕਹਿੰਦੀਆਂ ਹੁੰਦੀਆਂ ਸੀ ਕਿ ਮੇਰੇ ਹੱਥ ਗਰਮ ਚੀਜ ਫੜਦਿਆਂ ਜਾਂ ਰੋਟੀ ਥੱਲਦਿਆਂ ਨਹੀਂ ਸੜਦੇ ਕਿਉਂਕਿ ਮੇਰੇ ਹੱਥ ਪੱਕੇ ਹੋਏ ਨੇ, ਪੱਕੇ ਹੋਏ ਹੱਥ ਮਿਹਨਤੀ ਹੱਥ ਹੁੰਦੇ ਨੇ। ਬਾਬੇ ਨਾਨਕ ਜੀ ਨੇ ਨਾਮ ਜਪੋ, ਕਿਰਤ ਕਰੋ, ਤੇ ਵੰਡ ਛਕੋ ਦਾ ਨੇਮ ਜਿੰਦਗੀ ਵਿੱਚ ਅਪਨਾਉਣ ਦਾ ਸੰਦੇਸ਼ ਦਿੱਤਾ, ਪਰ ਅਸੀਂ ਮਿਹਨਤ ਕਰਨ ਦਾ ਬਚਨ ਕਿੰਨੀ ਵਾਰੀ ਕੀਤਾ, ਇਹ ਸੋਚਣ ਦੀ ਲੋੜ ਹੈ। ਅਸੀਂ ਇੱਕ ਦੂਜੇ ਵੱਲ ਵੇਖ ਕੇ ਆਪਣੀ ਮਨਾਂ ਵਿੱਚ ਈਰਖਾ ਪੈਦਾ ਕਰੀ ਜਾਂਦੇ ਹਾਂ। ਕਦੇ ਇਹ ਕਿਉਂ ਨਹੀਂ ਸੋਚਦੇ ਕਿ ਜਿਸ ਮੁਕਾਮ ਤੇ ਉਹ ਸਖਸ਼ ਹੈ, ਜਿਸ ਨੂੰ ਵੇਖ ਕੇ ਸਾਡੇ ਮਨ ਅੰਦਰ ਈਰਖਾ ਵੱਧ ਰਹੀ ਹੈ, ਉਸ ਇਨਸਾਨ ਦੇ ਗੁਣਾਂ ਵੱਲ, ਉਸਦੀ ਮਿਹਨਤ ਵੱਲ ਵੀ ਝਾਤੀ ਮਾਰ ਲਈਏ ਤੇ ਸੋਚ ਲਈਏ ਕਿ ਅਸੀਂ ਵੀ ਇੱਥੇ ਪਹੁੰਚਣਾ ਹੈ, ਕੁਝ ਕਰਨਾ ਹੈ, ਤਾਂ ਬਹੁਤਾ ਨਹੀਂ ਪਰ ਕੁਝ ਹੱਦ ਤੱਕ ਅਸੀਂ ਕਾਮਯਾਬ ਹੁੰਦੇ ਹਾਂ। ਕਈ ਵਾਰ ਅਸੀਂ ਕਿਸੇ ਆਦਰਸ਼ ਇਨਸਾਨ ਵੱਲ ਵੇਖ ਕੇ ਉਸ ਵਾਂਗ ਬਣਨਾ ਲੋਚਦੇ ਹਾਂ ਪਰ ਕਿਸਮਤ ਨੂੰ ਕੋਸਦੇ ਰਹਿ ਜਾਂਦੇ ਹਾਂ ਜਾਂ ਇੰਝ ਕਹਿ ਲਈਏ ਕਿ ਵਾਰ-ਵਾਰ ਮੌਕੇ ਦੀ ਉਡੀਕ ਵਿੱਚ ਸਹੀ ਮੌਕਾ ਅਜਾਈਂ ਗਵਾ ਦਿੰਦੇ ਹਾਂ। ਜਿੰਦਗੀ ਸਾਨੂੰ ਮੌਕੇ ਪ੍ਰਦਾਨ ਕਰਦੀ ਹੈ, ਬਸ ਸਾਨੂੰ ਇਸ ਮੌਕੇ ਨੂੰ ਸਹੀ ਸਮੇਂ ਤੇ ਸਹੀ ਦਿਸ਼ਾ ਇੱਚ ਵਰਤਣ ਦੀ ਲੋੜ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਵੇਖੀਏ ਕਿ ਜਦੋਂ ਕਦੇ ਅਸੀਂ ਫੋਨ ਤੇ ਕੋਈ ਗੇਮ ਖੇਡਦੇ ਹਾਂ ਤੇ ਉਸਦਾ ਲੈਵਲ ਪਾਰ ਨਹੀਂ ਹੁੰਦਾ, ਅਸੀਂ ਬਜ਼ਿਦ ਹੁੰਦੇ ਹਾਂ ਇਸਨੂੰ ਪਾਰ ਕਰਨਾ ਹੈ, ਤੇ ਜਦ ਇਹ ਕਰ ਲੈਂਦੇ ਹਾਂ ਤਾਂ ਇੱਕ ਵੱਖਰੀ ਖੁਸ਼ੀ ਮਹਿਸੂਸ ਕਰਦੇ ਹਾਂ, ਮਨ ਅੰਦਰ ਸੋਚਦੇ ਹਾਂ ਕਿ ਮੈਂ ਕਰਕੇ ਹੀ ਸਾਹ ਲੈਣਾ। ਇਹ ਤਾਂ ਇੱਕ ਮਨੋਰੰਜਨ ਦੀ ਖੇਡ ਹੁੰਦੀ, ਜਿਸ ਨੂੰ ਸਰ ਕਰਨ ਲਈ ਅਸੀਂ ਪ੍ਰਣ ਕਰ ਲੈਂਦੇ ਹਾਂ ਤਾਂ ਫਿਰ ਜਿੰਦਗੀ ਦੀ ਬਾਜੀ ਚੰਗੇ ਤੇ ਮਿਹਨਤ ਵਾਲੇ ਨੇਕ ਕੰਮ, ਇਮਾਨਦਾਰੀ ਨਾਲ , ਜਜਬੇ ਨਾਲ ਜਿਉਣ ਲਈ ਪ੍ਰਪੱਕ ਕਿਉਂ ਨਹੀਂ ਹੁੰਦੇ? ਕਿਉਂ ਨਹੀਂ ਨਿਸ਼ਚਾ ਕਰਦੇ ਕਿ ਅਸੀਂ ਜਿੰਦਗੀ ਵਿੱਚ ਕੁਝ ਕਰਨਾ ਹੈ, ਕੁਝ ਬਣਨਾ ਹੈ। ਜਿੰਦਗੀ ਦਾ ਜੋ ਟੀਚਾ ਅਸੀਂ ਮਿੱਥ ਲੈਂਦੇ ਹਾਂ , ਉਹ ਹਾਸਿਲ ਜਰੂਰ ਹੁੰਦਾ ਹੈ, ਜੇਕਰ ਸਾਡੇ ਅੰਦਰ ਕਰਨ ਦਾ ਜਜਬਾ ਹੋਵੇ। ਜਿੰਦਗੀ ਸਿਰਫ਼ ਤੇ ਸਿਰਫ਼ ਇੱਕ ਵਾਰ ਮਿਲਦੀ ਹੈ ਅਤੇ ਇਹ ਵੀ ਅਟੱਲ ਸੱਚਾਈ ਹੈ ਕਿ ਦੁੱਖ ਸੁੱਖ, ਘਾਟੇ-ਵਾਧੇ ਇਸ ਦਾ ਹਿੱਸਾ ਹੁੰਦੇ ਹਨ। ਇਸ ਲਈ ਜਿੰਦਗੀ ਵਿੱਚ ਕੁੱਝ ਚੰਗਾ ਕਰਨ ਦੀ ਤਾਂਘ ਹਮੇਸ਼ਾਂ ਮਨ ਅੰਦਰ ਉਜਾਗਰ ਰਹਿਣੀ ਚਾਹੀਦੀ ਹੈ। ਫਿਰ ਅਸੀਂ ਵੀ ਕਹਾਂਗੇ ਅਸੀਂ ਬਦਲੇ ਨਹੀਂ, ਬਲਕਿ ਸਮੇਂ ਦੇ ਹਾਣੀ ਬਣੇ ਹਾਂ। ਇਸੇ ਉਮੀਦ ਨਾਲ ਇੱਛਾ ਰੱਖਦੇ ਹਾਂ ਕਿ ਆਉਣ ਵਾਲਾ ਸਾਲ ਸਾਡੇ ਸਾਰਿਆਂ ਲਈ ਹੋਰ ਵੀ ਬਿਹਤਰ ਸਿਰਜਣਾਤਮਕ ਮੌਕੇ ਲੈ ਕੇ ਆਵੇ ਤੇ ਅਸੀਂ ਹਰ ਮੌਕੇ ਕੁਝ ਚੰਗਾ ਕਰ ਗੁਜ਼ਰਨ ਦੀ ਇੱਛਾ ਰੱਖੀਏ ਤਾਂ ਕਿ ਜਿੰਦਗੀ ਦਾ ਹਰ ਪਲ, ਹਰ ਦਿਨ, ਹਰ ਮੌਕਾ ਇੱਕ ਨਵੇਂ ਤੇ ਚੰਗੇ ਵਰੇ ਦੀ ਆਮਦ ਵਿੱਚ ਸਹਾਈ ਹੋਵੇ।

ਕਰ ਗੁਜ਼ਰੋ ਇਸ ਜਹਾਂ ਮੇਂ ਕੁਝ ਐਸਾ ਕਰਮ
ਕਿ ਮੌਤ ਆਏ ਭੀ ਲੇਕਿਨ, ਤੁਮ ਜਿੰਦਾ ਰਹਿ ਸਕੋ।

ਬਲਜੀਤ ਕੌਰ ਸੀਨੀਅਰ
ਸਹਾਇਕ ਗੁਰੂ ਨਾਨਕ ਦੇਵ
ਯੂਨੀਵਰਸਿਟੀ, ਅੰਮ੍ਰਿਤਸਰ।

# ਨਵਾਂ ਸਾਲ - ਨਵੇਂ ਸੰਕਲਪ

ਅਸੀਂ ਖੁਸ਼ੀਆਂ ਨਾਲ ਤੋੜ ਨਾਤਾ
ਚੜ੍ਹਿਆ ਹੈ ਅੱਜ ਸਾਲ ਨਵਾਂ,
ਜੋ ਦੋ ਹਜ਼ਾਰ ਤੇ ਪੱਚੀ।
ਚੌਂਵੀ ਨੇ ਇਤਿਹਾਸ ਚ ਜਾਣਾ,
ਗੱਲ ਹੈ ਬਿਲਕੁਲ ਸੱਚੀ।

ਨਵੇਂ ਸਾਲ ਦੇ ਵਿੱਚ ਅਸਾਂ ਨੇ,
ਨਵੇਂ ਸੰਕਲਪ ਬਣਾਉਣੇ।
ਸਰ ਕਰ ਲੈਣਾ ਮੰਜ਼ਿਲ ਨੂੰ,
ਤੇ ਬੁਰਜ ਬਦੀ ਦੇ ਢਾਹੁਣੇ।

ਸਹਿਜ ਨਿਰੰਤਰ ਤੋਰ ਨੂੰ ਆਪਾਂ,
ਜੀਵਨ-ਲਕਸ਼ ਬਣਾਈਏ।
ਵਿੱਚ-ਵਿਚਾਲੇ ਰੁਕੀਏ ਨਾ,
ਅੱਗੇ ਨੂੰ ਵਧਦੇ ਜਾਈਏ।

ਸੱਚ ਦਾ ਰਸਤਾ ਔਖਾ ਭਾਵੇਂ,
ਪਰ ਹੁੰਦਾ ਹੈ ਚੰਗਾ।
ਸਿਦਕ-ਈਮਾਨ ਦਾ ਪੱਕਾ ਹੋਵੇ,
ਉਹ ਹੈ ਅਸਲੀ ਬੰਦਾ।

ਕੁਦਰਤ ਦਾ ਸੰਤੁਲਨ ਬਚਾਈਏ,
ਧਰਤੀ-ਪੌਣ ਤੇ ਪਾਣੀ।
ਨੇਕੀ ਤੇ ਹਮਦਰਦੀ ਰੱਖੀਏ,
ਜੱਗ ਵਿੱਚ ਰਹੂ ਕਹਾਣੀ।



ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ
ਐਨਕਲੇਵ,
ਪਟਿਆਲਾ-147002.
9417692015.

# 2025 ਵਿੱਚ ਦੇਖਣ ਲਈ ਸਿੱਖਿਆ ਦੇ ਰੁਝਾਨ

ਨਵਾਂ ਸਾਲ ਵਿਦਿਆਰਥੀਆਂ ਨੂੰ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਆਪਣੇ ਅਕਾਦਮਿਕ ਕੰਮਾਂ ਤੱਕ ਪਹੁੰਚਣ ਦਾ ਮੌਕਾ ਪ੍ਰਦਾਨ ਕਰਦਾ ਹੈ।

ਸਾਲ 2025 ਸਿੱਖਿਆ ਖੇਤਰ ਵਿੱਚ ਦਿਲਚਸਪ ਵਿਕਾਸ ਦਾ ਸਾਲ ਹੋਣ ਦਾ ਵਾਅਦਾ ਕਰਦਾ ਹੈ, ਜਿਸ ਵਿੱਚ ਤਕਨਾਲੋਜੀ ਸਾਡੇ ਸਿੱਖਣ ਅਤੇ ਸਿਖਾਉਣ ਦੇ ਤਰੀਕੇ ਨੂੰ ਬਦਲਣ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ।

## ਹਾਈਬ੍ਰਿਡ ਕਲਾਸਰੂਮ ਦਾ ਉਭਾਰ

ਮਿਲਾਏ ਗਏ ਸਿੱਖਣ ਦੇ ਅਨੁਭਵ ਜੋ ਔਨਲਾਈਨ ਅਤੇ ਔਫਲਾਈਨ ਭਾਗਾਂ ਨੂੰ ਮਿਲਾਉਂਦੇ ਹਨ, ਆਦਰਸ਼ ਬਣ ਜਾਣਗੇ। ਇਹ ਵਧੇਰੇ ਲਚਕਤਾ, ਵਿਅਕਤੀਗਤ ਸਿੱਖਣ, ਅਤੇ ਵੱਖ-ਵੱਖ ਸਿੱਖਣ ਦੀਆਂ ਸ਼ੈਲੀਆਂ ਨੂੰ ਅਨੁਕੂਲ ਕਰਨ ਦੀ ਯੋਗਤਾ ਦੀ ਆਗਿਆ ਦੇਵੇਗਾ।

ਏਆਈ ਦੀ ਵਰਤੋਂ ਵਿਅਕਤੀਗਤ ਸਿੱਖਣ ਦੇ ਤਜ਼ਰਬੇ ਬਣਾਉਣ ਲਈ ਕੀਤੀ ਜਾਵੇਗੀ ਜੋ ਹਰੇਕ ਵਿਦਿਆਰਥੀ ਦੀਆਂ ਵਿਲੱਖਣ ਲੋੜਾਂ ਅਤੇ ਗਤੀ ਦੇ ਅਨੁਸਾਰ ਤਿਆਰ ਕੀਤੇ ਗਏ ਹਨ। ਏਆਈ-ਪਾਵਰਡ ਟਿਊਟਰ, ਅਡੈਪਟਿਵ ਲਰਨਿੰਗ ਪਲੇਟਫਾਰਮ, ਅਤੇ ਆਟੋਮੇਟਿਡ ਫੀਡਬੈਕ ਸਿਸਟਮ ਇਸ ਦੀਆਂ ਉਦਾਹਰਣਾਂ ਹਨ।

## ਇਮਰਸਿਵ ਲਰਨਿੰਗ

ਵਰਚੁਅਲ ਰਿਐਲਿਟੀ ਅਤੇ ਸੰਸ਼ੋਧਿਤ ਹਕੀਕਤ ਦੀ ਵਰਤੋਂ ਇਮਰਸਿਵ ਸਿੱਖਣ ਦੇ ਤਜ਼ਰਬੇ ਬਣਾਉਣ ਲਈ ਕੀਤੀ ਜਾਵੇਗੀ ਜੋ ਵਿਦਿਆਰਥੀਆਂ ਨੂੰ ਸਿਮੂਲੇਟਿਡ ਵਾਤਾਵਰਣ ਵਿੱਚ ਰੱਖਦੇ ਹਨ। ਇਹ ਵਿਗਿਆਨ, ਇਤਿਹਾਸ, ਜਾਂ ਇੱਥੋਂ ਤੱਕ ਕਿ ਕਿੱਤਾਮੁਖੀ ਸਿਖਲਾਈ ਵਰਗੇ ਵਿਸ਼ਿਆਂ ਲਈ ਵਿਸ਼ੇਸ਼ ਤੌਰ ਤੇ ਪ੍ਰਭਾਵਸ਼ਾਲੀ ਹੋਵੇਗਾ।

## ਹੁਨਰ-ਅਧਾਰਤ ਸਿਖਲਾਈ ਅਤੇ ਸੂਖਮ-ਪ੍ਰਮਾਣ ਪੱਤਰ

ਛੋਟੇ, ਕੇਂਦ੍ਰਿਤ ਕੋਰਸ ਅਤੇ ਪ੍ਰਮਾਣੀਕਰਣ ਵਧੇਰੇ ਪ੍ਰਸਿੱਧ ਹੋ ਜਾਣਗੇ ਕਿਉਂਕਿ ਸਿਖਿਆਰਥੀ ਨੌਕਰੀ-ਸੰਬੰਧਿਤ ਹੁਨਰ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੰਮ ਦੀ ਬਦਲਦੀ ਪ੍ਰਕਿਰਤੀ ਅਤੇ ਜੀਵਨ ਭਰ ਸਿੱਖਣ ਦੀ ਲੋੜ ਇਸ ਰੁਝਾਨ ਨੂੰ ਅੱਗੇ ਵਧਾ ਰਹੀ ਹੈ।

ਸਿੱਖਣ ਦਾ ਗੈਮੀਫਿਕੇਸ਼ਨ ਸਿੱਖਣ ਨੂੰ ਵਧੇਰੇ ਦਿਲਚਸਪ ਅਤੇ ਪਰਸਪਰ ਪ੍ਰਭਾਵੀ ਬਣਾਉਣ ਲਈ, ਖੇਡ-ਅਧਾਰਿਤ ਸਿੱਖਣ ਦੇ ਤੱਤਾਂ ਨੂੰ ਵਿਦਿਅਕ ਤਜ਼ਰਬਿਆਂ ਵਿੱਚ ਸ਼ਾਮਲ ਕੀਤਾ ਜਾਵੇਗਾ। ਇਹ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ ਅਤੇ ਜਾਣਕਾਰੀ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰੇਗਾ।

## ਮਾਨਸਿਕ ਸਿਹਤ ਅਤੇ ਤੰਦਰੁਸਤੀ ਤੇ ਧਿਆਨ ਕੇਂਦਰਤ ਕਰੋ

ਸਕੂਲ ਅਤੇ ਵਿਦਿਅਕ ਸੰਸਥਾਵਾਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਤੇ ਜ਼ਿਆਦਾ ਜ਼ੋਰ ਦੇਣਗੀਆਂ। ਇਸ ਵਿੱਚ ਤਣਾਅ ਪ੍ਰਬੰਧਨ, ਮਾਨਸਿਕਤਾ ਦੇ ਅਭਿਆਸਾਂ, ਅਤੇ ਸਮਾਜਿਕ-ਭਾਵਨਾਤਮਕ ਸਿਖਲਾਈ ਲਈ ਸਰੋਤ ਪ੍ਰਦਾਨ ਕਰਨਾ ਸ਼ਾਮਲ ਹੈ।

## ਐਡਟੈਕ ਉੱਦਮਤਾ ਦਾ ਉਭਾਰ

ਔਨਲਾਈਨ ਪਲੇਟਫਾਰਮ ਅਤੇ ਤਕਨਾਲੋਜੀ ਦੁਨੀਆ ਭਰ ਦੇ ਵਿਦਿਆਰਥੀਆਂ ਅਤੇ ਸਿੱਖਿਅਕਾਂ ਵਿਚਕਾਰ ਵਧੇਰੇ ਸਹਿਯੋਗ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਸਮਰੱਥ ਬਣਾਉਣਗੇ। ਇਹ ਅੰਤਰ-ਸੱਭਿਆਚਾਰਕ ਸਮਝ ਦੇ ਨਾਲ-ਨਾਲ ਵਿਸ਼ਵ ਨਾਗਰਿਕਤਾ ਦਾ ਨਿਰਮਾਣ ਕਰੇਗਾ। ਇਹ ਰੁਝਾਨ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਅਤੇ ਮੁੱਖ ਧਾਰਾ ਦੀ ਸਿੱਖਿਆ ਨੂੰ ਔਨਲਾਈਨ ਮੋਡ ਵਿੱਚ ਬਦਲਣ ਤੋਂ ਬਾਅਦ ਵਧ ਰਿਹਾ ਹੈ।

## ਗਲੋਬਲ ਸਹਿਯੋਗ ਅਤੇ ਸਿਖਲਾਈ

ਔਨਲਾਈਨ ਪਲੇਟਫਾਰਮ ਅਤੇ ਤਕਨਾਲੋਜੀ ਦੁਨੀਆ ਭਰ ਦੇ ਵਿਦਿਆਰਥੀਆਂ ਅਤੇ ਸਿੱਖਿਅਕਾਂ ਵਿਚਕਾਰ ਵਧੇਰੇ ਸਹਿਯੋਗ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਸਮਰੱਥ ਬਣਾਉਣਗੇ। ਇਹ ਅੰਤਰ-ਸੱਭਿਆਚਾਰਕ ਸਮਝ ਦੇ ਨਾਲ-ਨਾਲ ਵਿਸ਼ਵ ਨਾਗਰਿਕਤਾ ਨੂੰ ਉਤਸ਼ਾਹਿਤ ਕਰੇਗਾ।

## ਸਥਿਰਤਾ ਸਿੱਖਿਆ

ਸਥਿਰਤਾ ਅਤੇ ਵਾਤਾਵਰਣ ਸਿੱਖਿਆ ਵਧਦੀ ਮਹੱਤਵਪੂਰਨ ਬਣ ਜਾਵੇਗੀ। ਵਿਦਿਆਰਥੀਆਂ ਨੂੰ ਜਲਵਾਯੂ ਤਬਦੀਲੀ, ਨਵਿਆਉਣਯੋਗ ਊਰਜਾ, ਅਤੇ ਸਰੋਤਾਂ ਦੀ ਜ਼ਿੰਮੇਵਾਰ ਵਰਤੋਂ ਬਾਰੇ ਸਿਖਾਇਆ ਜਾਵੇਗਾ।

ਜੀਵਨ ਭਰ ਸਿੱਖਣਾ

ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ, ਜੀਵਨ ਭਰ ਸਿੱਖਣ ਦਾ ਸੰਕਲਪ ਸਮਾਜ ਵਿੱਚ ਵਧੇਰੇ ਪ੍ਰਚਲਿਤ ਹੋ ਜਾਵੇਗਾ। ਕਰਮਚਾਰੀਆਂ ਦੀਆਂ ਬਦਲਦੀਆਂ ਮੰਗਾਂ ਦੇ ਅਨੁਕੂਲ ਹੋਣ ਲਈ ਲੋਕਾਂ ਨੂੰ ਆਪਣੀ ਜ਼ਿੰਦਗੀ ਦੌਰਾਨ ਲਗਾਤਾਰ ਸਿੱਖਣ ਅਤੇ ਆਪਣੇ ਆਪ ਨੂੰ ਉੱਚਾ ਚੁੱਕਣ ਲਈ ਉਤਸ਼ਾਹਿਤ ਕੀਤਾ ਜਾਵੇਗਾ।



ਵਿਜੇ ਗਰਗ ਰਿਟਾਇਰਡ ਪ੍ਰਿੰਸੀਪਲ
ਵਿਦਿਅਕ ਕਾਲਮ ਨਵੀਸ ਗਲੀ
ਕੌਰ ਚੰਦ ਮਲੋਟ ਪੰਜਾਬ

# ਗੀਤ
## ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ

ਅਸੀਂ ਖੁਸ਼ੀਆਂ ਨਾਲ ਤੋੜ ਨਾਤਾ
ਹਾਸੇ ਖੇੜੇ ਤੜਕ ਸਵੇਰੇ ਮਾਂ ਬਾਪੂ ਦਾ ਪਿਆਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਸ਼ੁੱਧ ਚਰਿਤਰ ਦੀ ਪਰਿਭਾਸ਼ਾ ਮਿੱਠੇ-ਮਿੱਠੇ ਬੋਲ ।
ਬੋਲਣ ਤੋਂ ਵੀ ਪਹਿਲਾਂ ਸੱਜਣਾਂ ਪੂਰਾ-ਪੂਰਾ ਤੋਲ ।
ਮੰਦਿਰ ਵਿਚਲੀ ਪੂਜਾ ਵਾਂਗੂੰ ਸਭ ਦਾ ਕਰ ਸਤਿਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਦਹਿਲੀਜਾਂ ਤੇ ਸੁਰਖ ਸਵੇਰਾ ਸੱਚੇ-ਸੁੱਚੇ ਸਪਨੇ ।
ਦਿਨ ਚੜ੍ਹਿਆ ਹੈ ਭਾਗਾਂ ਵਾਲਾ ਗ਼ੈਰ ਵੀ ਹੋਏ ਅਪਣੇ ।
ਵਿਚ ਵਿਦੇਸ਼ੋਂ ਆਏ ਸੋਹਣੇ ਬੂਹੇ ਬੰਦਨਵਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਬੂਹੇ ਉਤੇ ਵੇਲ ਚੜ੍ਹੀ ਹੈ ਪਹਿਣ ਗੁਲਾਬੀ ਸਾੜ੍ਹੀ ।
ਸੂਰਜ ਆਪਣੀ ਮਮਤਾ ਵਿਚੋਂ ਧੁੱਪ ਬਿਖੇਰੇ ਗਾੜ੍ਹੀ ।
ਸਰਦੀ ਦੀ ਰੁੱਤ ਛਮ-ਛਮ ਆਈ ਕਰ ਕੇ ਹਾਰ ਸ਼ਿਗਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਫੁੱਲ ਖਿੜ੍ਹੇ ਨੇ ਡਾਲੀ-ਡਾਲੀ ਏਦਾਂ ਸੋਹਣੇ-ਸੋਹਣੇ ।
ਨੰਨੇ-ਮੁੰਨ੍ਹੇ ਬੱਚੇ ਜਿੱਦਾਂ ਲਗਦੇ ਨੇ ਮਨਮੋਹਣੇ ।
ਝਾਂਈ-ਮਾਂਈ ਬੱਚੇ ਕਰਦੇ ਘੁੰਢ ਵਿਚੋਂ ਦੀਦਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਸਭ ਦੇ ਦਿਲ ਵਿਚ ਸੱਚਾਈ ਦੇ ਦੀਵੇ ਜਗਦੇ ਹੋਵਣ ।
ਝੁੱਗੀ ਝੌਂਪੜ ਬੇ-ਇਨਸਾਫੀ ਵਿੱਚ ਨਾ ਲੋਕੀਂ ਰੋਵਣ ।
ਹੰਕਾਰ ਬੁਰਾਈ ਨਫ਼ਰਤ ਵਾਲੀ ਤੋੜ ਦਿਓ ਦੀਵਾਰ ।

ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਉੱਚ ਵਿਦਿਆ ਦੇ ਦਾਜ ਚ ਜਿਸ ਨੇ ਦਿੱਤੇ ਸਾਰੇ ਗਹਿਣੇ ।
ਸੂਰਜ ਵਾਂਗੂ ਚਮਕਣ ਜਿਹੜੇ ਸੂਰਜ ਵਾਂਗੂੰ ਰਹਿਣੇ ।
ਭੁੱਲ ਨਈਾ ਸਕਦੀਆਂ ਧੀਆਂ ਆਪਣੇ ਬਾਬਲ ਦਾ ਉਪਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਧੀਆਂ ਵਲੋਂ ਆਉਂਦੀਆਂ ਰਹਿਵਣ ਹਰ ਦਮ ਸੁਖਦ ਹਵਾਵਾਂ
ਜਿੱਦਾਂ ਸੰਘਣੇ ਰੁੱਖਾਂ ਹੇਠਾਂ ਠੰਡੀਆਂ ਮਿੱਠੀਆਂ ਛਾਵਾਂ ।
ਧੀਆਂ ਦੇ ਘਰ ਰਹਿਮਤ ਵਾਲੇ ਰਹਿਣ ਭਰੇ ਭੰਡਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਇਹ ਧਰਤੀ ਹੈ ਜੰਨਤ ਵਰਗੀ ਜੰਨਤ ਹੋਰ ਬਣਾਓ ।
ਸਭ ਧਰਮਾਂ ਦਾ ਇਕ ਗੁਲਦਸਦਾ ਆਦਰ ਵਿਚ ਸਜਾਓ ।
ਪਿਆਰ ਮੁਹੱਬਤ ਘਰ-ਘਰ ਵੰਡੋ ਨਤਮਸਤਕ ਉਪਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਤੂਫਾਨਾਂ ਵਿਚ ਬਾਰਿਸ਼ ਝੱਖੜ ਬੰਦੇ ਦਾ ਇਉਂ ਜੀਣਾ ।
ਜ਼ਹਿਰ ਕਦੀ ਹੈ ਪੀਣਾ ਪੈਂਦਾ ਅੰਮ੍ਰਿ ਵੀ ਹੈ ਪੀਣਾ ।
ਵੇਖੋ ਦੀਵਾ ਜਗਦਾ ਜਾਂਦਾ ਸਾਗਰ ਦੇ ਵਿਚਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਮਿੱਠਤ ਬਾਣੀ ਪਾਈ ਐਸੀ ਖਿੜੀਆਂ ਸੁੰਦਰ ਕਲੀਆਂ ।
ਬੁੱਲਾਂ ਉਤੇ ਏਦਾਂ ਹਾਸੇ ਜਿਉਂ ਮਿਸ਼ਰੀ ਦੀਆਂ ਡਲੀਆਂ ।
ਖਿੜ੍ਹ-ਖਿੜ੍ਹ ਜਾਂਦੀ ਮੌਸਮ ਦੇ ਵਿਚ ਰਿਸ਼ਤੇ ਦੀ ਕਚਨਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਰਿਸ਼ਵਤਖੋਰੀ ਨਕਲ ਮਿਲਾਵਟ ਹੋਲੀ-ਹੋਲੀ ਮੁੱਕਣੇ ।
ਗਹਿਰੇ ਜ਼ਖ਼ਮ ਤਾਂ ਸੁੱਕਦੇ-ਸੁੱਕਦੇ, ਸੁੱਕਦੇ-ਸੁੱਕਦੇ ਸੁਕਣੇ ।
ਦੇਸ਼ ਵਿਦੇਸ਼ੀ ਵਧਦੇ ਜਾਣੇ ਭਾਰਤ ਦੇ ਵਿਉਪਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਤੇਰਾ ਤੇਰਾ ਨਾਨਕ ਤੋਲੇ ਸੱਚਾਈ ਦੇ ਨਾਲ ।
ਭਾਗਾਂ ਵਾਲਾ ਮੰਨਿਆਂ ਜਾਂਦਾ ਵੀਹ ਸੌ ਤੇਈ ਸਾਲ ।
ਬਾਜ਼ਾਰੀਕਰਨ ਚ ਇੱਕ ਪਿੰਡ ਹੋਇਆ ਇਹ ਸਾਰਾ ਸੰਸਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਸੱਚ ਨਿਮਰਤਾ ਮਿਹਨਤ ਵਿਦਿਆ ਇਹ ਅਦੁੱਤੀ ਗਹਿਣੇ ।
ਯੁੱਗ-ਯੁਗਾਂਤਰ ਤੀਕਰ ਰਹਿੰਦੇ ਯੁੱਗਾਂ ਤੀਕਰ ਰਹਿਣੇ ।
ਬਾਲਮ ਦੇ ਹੁਣ ਲੱਗ ਕੇ ਆਖੇ ਪੱਲੇ ਬੰਨ ਗੁਣ ਚਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰੇ
ਮੋ. 98156-25409

# ਨਵਾਂ ਸਾਲ ਵਿਸ਼ੇਸ਼, ਸੁਆਰਥ ਦਾ ਜਾਲ ਹਾਵੀ, ਮੈਂ ਪਿਛਲੇ ਸਾਲ ਸੱਚ ਕਿਹਾ

ਮੈਂ, 2024, ਹੁਣ ਤੁਹਾਡੀ ਜ਼ਿੰਦਗੀ ਤੋਂ ਹਮੇਸ਼ਾ ਲਈ ਚਲਾ ਗਿਆ ਹਾਂ, ਪਰ ਮੈਨੂੰ ਇਸ ਤੱਥ ਦਾ ਹਮੇਸ਼ਾ ਡੂੰਘਾ ਦੁੱਖ ਹੋਵੇਗਾ ਕਿ ਤੁਸੀਂ ਮੇਰੇ ਆਉਣ ਦੀ ਖੁਸ਼ੀ ਵਿੱਚ ਕੀਤੇ ਵਾਅਦੇ ਤੋਂ ਪੂਰੀ ਤਰ੍ਹਾਂ ਮੁਕਰ ਗਏ, ਮੇਰੀ ਨਜ਼ਰ ਵਿੱਚ, 2024, ਜੋ ਇੱਕ ਹੈ। ਅਤੀਤ ਦਾ ਇੱਕੋ ਇੱਕ ਕਾਰਨ ਹੈ ਤੁਹਾਡਾ ਸਵਾਰਥ, ਜਿਸ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਤੁਹਾਡੇ ਕਾਰਨ ਹੀ ਸਮਾਜਿਕ ਜੀਵਨ ਵਿੱਚ ਹਿੰਸਾ, ਬੇਇਨਸਾਫ਼ੀ, ਨਫ਼ਰਤ ਅਤੇ ਝੂਠ ਦਾ ਬੋਲਬਾਲਾ ਹੈ। ਸੱਚ ਅੱਜ ਵੀ ਅਕਸਰ ਮਰਦਾ ਜਾਪਦਾ ਹੈ।

ਜਿਸ ਤਰ੍ਹਾਂ ਨਾਲ ਦੇਸ਼ ਦਾ ਮੱਧ ਵਰਗ ਨਫ਼ਰਤ ਅਤੇ ਝੂਠ ਦੇ ਪਿੱਛੇ ਖੜ੍ਹਾ ਸੀ, ਮੇਰੇ ਦੌਰ ਯਾਨੀ ਸਾਲ 2024 ਵਿੱਚ, ਉਹ ਸੱਚਮੁੱਚ ਬਹੁਤ ਨਿਰਾਸ਼ਾਜਨਕ ਹੈ। ਸੱਚ ਬਹੁਤ ਹੱਦ ਤੱਕ ਸੰਕੁਚਿਤ ਹੋ ਗਿਆ ਹੈ ਅਤੇ ਇਸ ਨੂੰ ਮੰਨਣ ਵਾਲੇ ਅਤੇ ਮੰਨਣ ਵਾਲੇ ਲੋਕ ਹੁਣ ਬਹੁਤ ਘੱਟ ਰਹਿ ਗਏ ਹਨ।

ਮੈਂ ਤੁਹਾਨੂੰ ਇਹ ਦੱਸਣ ਦਾ ਮੌਕਾ ਨਹੀਂ ਗੁਆਉਣਾ ਚਾਹੁੰਦਾ ਕਿ ਮੀਡੀਆ ਅਤੇ ਧਾਰਮਿਕ ਲੀਡਰਸ਼ਿਪ ਦੋਨੋਂ ਹੀ ਇੱਕ ਸਿਆਸੀ ਪ੍ਰਣਾਲੀ ਦਾ ਬਚਾਅ ਕਰਨ ਲਈ ਆਵਾਜ਼ ਉਠਾਉਣ ਵਾਲੇ ਬਣ ਗਏ ਹਨ ਜੋ ਬੇਸ਼ਰਮੀ ਨਾਲ ਧੋਖੇ, ਸਾਜ਼ਿਸ਼ ਅਤੇ ਫੁੱਟ ਪਾਉਣ ਵਿੱਚ ਰੁੱਝੀ ਹੋਈ ਹੈ।

ਮੈਂ, ਭਾਵ ਤੁਹਾਡੇ ਪਿਛਲੇ ਸਾਲ 2024 ਨੇ ਵੀ ਆਪਣੇ ਪੂਰੇ ਸਮੇਂ ਦੌਰਾਨ ਦੇਖਿਆ ਹੈ ਕਿ ਸੰਵਿਧਾਨਕ ਅਹੁਦਿਆਂ ਤੇ ਕਾਬਜ਼ ਲੋਕ ਨਾ ਸਿਰਫ ਆਪਣੀ ਨੈਤਿਕਤਾ ਗੁਆ ਰਹੇ ਹਨ, ਸਗੋਂ ਉਨ੍ਹਾਂ ਦੀ ਨਿਰਪੱਖਤਾ ਦੀ ਭਾਵਨਾ ਵੀ ਖਤਰਨਾਕ ਸਥਿਤੀਆਂ ਲਈ ਕਮਜ਼ੋਰ ਹੋ ਰਹੀ ਹੈ।


ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 2024 ਮੇਰੇ ਪੂਰੇ ਕਾਰਜਕਾਲ ਦੌਰਾਨ ਅਦਾਲਤਾਂ ਦੇ ਫੈਸਲਿਆਂ ਤੇ ਕਈ ਸਵਾਲ ਖੜ੍ਹੇ ਹੋਏ, ਖਾਸ ਕਰਕੇ ਹੇਠਲੀਆਂ ਅਦਾਲਤਾਂ ਦੇ ਫੈਸਲੇ ਕਈ ਸਵਾਲਾਂ ਨਾਲ ਘਿਰੇ ਰਹੇ, ਪਰ ਇਸ ਦੇ ਉਲਟ ਮੈਂ 2024 ਚ ਵੀ ਖੁਸ਼ ਹਾਂ। ਮੈਂ ਇਸ ਸਮੇਂ ਵਿੱਚ ਇੱਕ ਸਰਗਰਮ ਅਤੇ ਮਜ਼ਬੂਤ ਵਿਰੋਧੀ ਧਿਰ ਦਾ ਉਭਾਰ ਵੀ ਦੇਖਿਆ, ਜੋ ਜਮਹੂਰੀ ਭਾਵਨਾ ਅਤੇ ਅਭਿਆਸ ਦੀ ਮਜ਼ਬੂਤੀ ਲਈ ਜ਼ਰੂਰੀ ਹੈ। ਨਤੀਜੇ ਵਜੋਂ ਸ਼ਾਇਦ ਸੰਵਿਧਾਨ ਹੋਰ ਕਮਜ਼ੋਰ ਹੋਣ ਤੋਂ ਬਚ ਗਿਆ ਹੈ, ਪਰ ਆਜ਼ਾਦੀ, ਬਰਾਬਰੀ, ਨਿਆਂ ਅਤੇ ਭਾਈਚਾਰੇ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਇਸ ਸਮੇਂ ਡੂੰਘੇ ਖਤਰੇ ਤੋਂ ਬਾਹਰ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਪਿਛਲੇ 2024 ਵਿਚ ਮੈਨੂੰ ਲੱਗਦਾ ਹੈ ਕਿ ਅਸੀਂ ਧਰਮ ਦੇ ਹਾਂ। ਸਾਡੀ ਵਿਭਿੰਨਤਾ ਆਧਾਰਿਤ ਅਧਿਆਤਮਿਕਤਾ ਅਤੇ ਸੂਖਮ ਦ੍ਰਿਸ਼ਟੀ ਤੋਂ ਲਗਾਤਾਰ ਦੂਰ ਜਾ ਰਿਹਾ ਹੈ। ਮੇਰੇ ਵਿਚਾਰ ਵਿੱਚ, ਵਿਸ਼ਵਾਸ ਦੀ ਥਾਂ ਰਸਮਾਂ ਨੇ ਲੈ ਲਈ ਹੈ, ਜਿਸ ਨੂੰ ਇੱਕ ਚਕਾਚੌਂਧ ਤਮਾਸ਼ੇ ਤੋਂ ਇਲਾਵਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

ਜਿਵੇਂ ਕਿ ਮੈਂ ਆਪਣੇ ਪੂਰੇ ਸਮੇਂ ਦੌਰਾਨ 2024 ਵਿਚ ਸਪੱਸ਼ਟ ਤੌਰ ਤੇ ਅਨੁਭਵ ਕੀਤਾ ਹੈ ਕਿ ਸਿੱਖਿਆ ਜਗਤ ਦੀ ਖੁਦਮੁਖਤਿਆਰੀ ਵੀ ਬਹੁਤ ਨਿਰਾਸ਼ਾਜਨਕ ਢੰਗ ਨਾਲ ਘਟ ਰਹੀ ਹੈ, ਜਿਸ ਕਾਰਨ ਗਿਆਨ ਨੂੰ ਹਾਸ਼ੀਏ ਤੇ ਰੱਖਣ ਵਾਲੇ ਆਪਣੇ ਲਾਭਕਾਰੀ ਇਰਾਦਿਆਂ ਵਿਚ ਵੀ ਕਾਮਯਾਬ ਹੋ ਰਹੇ ਹਨ, ਇਸ ਦਾ ਮਤਲਬ ਹੈ ਕਿ ਅਗਿਆਨਤਾ ਨੂੰ ਸਮਾਜਿਕ ਤੌਰ ਤੇ ਮਜ਼ਬੂਤ ਕੀਤਾ ਜਾ ਰਿਹਾ ਹੈ।

2024 ਵਿੱਚ ਮੇਰੇ ਆਪਣੇ ਸਮੇਂ ਵਿੱਚ, ਮੈਂ ਇਹ ਵੀ ਦੇਖਿਆ ਕਿ ਗਲੋਬਲ ਹੰਗਰ ਇੰਡੈਕਸ ਰੈਂਕਿੰਗ ਵਿੱਚ ਮੇਰੇ ਦੇਸ਼ ਭਾਰਤ ਦੀ ਹਾਲਤ ਚਿੰਤਾਜਨਕ ਹੱਦ ਤੱਕ ਵਿਗੜ ਗਈ ਹੈ।

ਇਹ ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਸਹਿਮਤ ਨਾ ਹੋਣ, ਫਿਰ ਵੀ ਮੈਂ 2024 ਤੱਕ ਇਹ ਵੀ ਦਾਅਵਾ ਕਰਦਾ ਹਾਂ ਕਿ ਦੇਸ਼ ਦੀ ਲਗਭਗ 50 ਪ੍ਰਤੀਸ਼ਤ ਦੌਲਤ 5 ਪ੍ਰਤੀਸ਼ਤ ਆਬਾਦੀ ਕੋਲ ਹੈ। ਇੰਨਾ ਹੀ ਨਹੀਂ ਤਨਖ਼ਾਹਦਾਰ ਵਰਗ ਦੇ 50 ਫ਼ੀਸਦੀ ਲੋਕ ਵੀ ਆਪਣੀ ਆਮਦਨ ਵਿੱਚ 13 ਫ਼ੀਸਦੀ ਕਟੌਤੀ ਦਾ ਦਰਦ ਝੱਲ ਰਹੇ ਹਨ। ਜਿਸ ਕਾਰਨ ਨਿਰਾਸ਼ਾ ਦੀ ਭਾਵਨਾ ਆਤਮ ਹੱਤਿਆ ਤੱਕ ਵੀ ਖਤਰਨਾਕ ਹੋ ਗਈ ਹੈ।

ਫਿਰ ਵੀ, ਮੈਂ ਚਾਹਾਂਗਾ ਕਿ ਸਾਡੇ ਨਵੇਂ ਦੋਸਤ, 2025 ਦਾ ਸਮਾਂ ਅਜਿਹਾ ਹੋਵੇ ਕਿ ਅਸੀਂ ਨਿਰਾਸ਼ਾ ਵਿੱਚ ਪੈਣ ਤੋਂ ਬਚ ਸਕੀਏ। ਮੈਂ ਤੁਹਾਨੂੰ ਇਹ ਵੀ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ 2024 ਦੇ ਹਾਲਾਤਾਂ ਦੇ ਉਲਟ, ਇੱਕ ਸਮਾਂ ਅਜਿਹਾ ਆਵੇਗਾ ਜਦੋਂ ਨਫ਼ਰਤ ਅਤੇ ਝੂਠ ਦੀ ਇਮਾਰਤ ਪਾਪਾਂ ਦੇ ਬੋਝ ਕਾਰਨ ਯਕੀਨੀ ਤੌਰ ਤੇ ਢਹਿ ਜਾਵੇਗੀ। ਬੇਸ਼ੱਕ ਇਸ ਵੇਲੇ ਸੱਚ ਹਾਸ਼ੀਏ ਤੇ ਮਰਦਾ ਨਜ਼ਰ ਆ ਰਿਹਾ ਹੈ, ਪਰ ਅੰਤ ਵਿੱਚ ਤੁਹਾਡੇ ਸੱਚੇ ਆਚਰਣ ਦੀ ਜਿੱਤ ਹੋਵੇਗੀ। ਮੈਂ ਪ੍ਰਮਾਤਮਾ, ਅੱਲ੍ਹਾ ਅਤੇ ਪ੍ਰਮਾਤਮਾ ਅੱਗੇ ਅਰਦਾਸ ਅਤੇ ਅਰਦਾਸ ਕਰਦਾ ਹਾਂ ਕਿ ਮੈਂ 2024 ਵਿੱਚ ਤੁਹਾਡੀ ਜ਼ਿੰਦਗੀ ਤੋਂ ਸਦਾ ਲਈ ਚਲਾ ਜਾਵਾਂ, ਪਰ ਸਾਡਾ ਅਤੇ ਤੁਹਾਡਾ ਨਵਾਂ ਸਾਥੀ 2025 ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਤੁਹਾਡੇ ਹਰ ਇਰਾਦੇ ਨੂੰ ਜ਼ਰੂਰ ਸਫਲ ਕਰੇਗਾ। ਕਿਸੇ ਦਾ ਡਰ ਨਾ ਹੋਣ ਦਾ ਮਤਲਬ ਨਵਾਂ ਸਾਲ ਮੁਬਾਰਕ ਹੋਵੇ।



ਪੇਸ਼ਕਾਰੀ –
*ਸੁਨੀਲ ਬਾਜਪਾਈ*
(ਕਵੀ, ਗੀਤਕਾਰ, ਲੇਖਕ ਅਤੇ
ਸੀਨੀਅਰ ਪੱਤਰਕਾਰ),
ਕਾਨਪੁਰ
ਉੱਤਰ ਪ੍ਰਦੇਸ਼।
7985473020 ਹੈ
9839040294 ਹੈ

# ਸਾਲ ਨਵਾਂ/ਕਵਿਤਾ

ਅਮੀਰ-ਗਰੀਬ ਵਿੱਚ ਪਾੜਾ ਘਟਾਏ ਸਾਲ ਨਵਾਂ,
ਹਰ ਘਰ ਖੁਸ਼ੀਆਂ ਲੈ ਕੇ ਆਏ ਸਾਲ ਨਵਾਂ।
ਪਿਛਲੇ ਸਾਲ ਬਥੇਰਾ ਤੰਗ ਕੀਤਾ ਹੈ ਮਹਿੰਗਾਈ ਨੇ,
ਇਸ ਚੰਦਰੀ ਤੋਂ ਛੁਟਕਾਰਾ ਦੁਆਏ ਸਾਲ ਨਵਾਂ।
ਧਰਮਾਂ ਤੇ ਜ਼ਾਤਾਂ ਦੇ ਨਾਂ ਤੇ ਜੋ ਲੜਾਂਦੇ ਲੋਕਾਂ ਨੂੰ,
ਉਨ੍ਹਾਂ ਨੂੰ ਸਿੱਧਾ ਰਸਤਾ ਦਿਖਾਏ ਸਾਲ ਨਵਾਂ।
ਆਪਣੇ ਤੇ ਹੀ ਕਰੋੜਾਂ ਖਰਚਣ ਵਾਲਿਆਂ ਨੂੰ,
ਗਰੀਬਾਂ ਦੀਆਂ ਝੁੱਗੀਆਂ ਦਿਖਾਏ ਸਾਲ ਨਵਾਂ।
ਪਹਿਲਾਂ ਉਨ੍ਹਾਂ ਦੀ ਇੱਜ਼ਤ ਮਿੱਟੀ ਚ ਰੁਲੀ ਹੈ,
ਹੁਣ ਧੀਆਂ-ਭੈਣਾਂ ਦੀ ਇੱਜ਼ਤ ਬਚਾਏ ਸਾਲ ਨਵਾਂ।
ਜਿਹੜੇ ਜਨਤਾ ਨੂੰ ਬਿਲਕੁਲ ਟਿੱਚ ਸਮਝਦੇ ਨੇ,
ਉਨ੍ਹਾਂ ਚ ਅਕਲ ਦੇ ਦੀਪ ਜਗਾਏ ਸਾਲ ਨਵਾਂ।
ਪਿਛਲੇ ਸਾਲ ਜੋ ਭੁੱਲ ਗਏ ਸਨ ਪਿਆਰ ਕਰਨਾ,
ਉਨ੍ਹਾਂ ਨੂੰ ਪਿਆਰ ਕਰਨਾ ਸਿਖਾਏ ਸਾਲ ਨਵਾਂ।
ਵੱਡਿਆਂ ਦਾ ਨਿਰਾਦਰ ਕਰਨ ਵਾਲਿਆਂ ਨੂੰ,
ਉਨ੍ਹਾਂ ਦਾ ਆਦਰ ਕਰਨਾ ਸਿਖਾਏ ਸਾਲ ਨਵਾਂ।
ਮਾਨਸੁਸਤੀ ਨਾ ਅੱਗੇ ਵਧਣ ਦੇਵੇ ਬੰਦੇ ਨੂੰ,
ਸਭ ਦੀ ਸੁਸਤੀ ਦੂਰ ਭਜਾਏ ਸਾਲ ਨਵਾਂ।



ਮਹਿੰਦਰ ਸਿੰਘ ਮਾਨ
ਕੈਨਾਲ ਰੋਡ
ਸਾਮ੍ਹਣੇ ਅੰਗਦ ਸਿੰਘ
ਐੱਮ ਐੱਲ ਏ ਹਾਊਸ
ਨਵਾਂ ਸ਼ਹਿਰ-144514
ਫੋਨ 9915803554

## ਸਾਲ 2025

ਨਵੇਂ ਸਾਲ 2025 ਦਾ ਆਗਮਨਹੋਇਆ, ਖ਼ੁਸ਼ੀਆਂ ਖੇੜੇ ਲੈ ਕੇ ਆਇਆ.
ਹਰ ਇੱਕ ਦੇ ਮਨਵਿੱਚ, ਨਵੇਂ ਸੁਪਨਿਆਂ ਦਾ ਪ੍ਰਕਾਸ਼ਜਗਾਇਆ.
ਦੁੱਖੜੇ ਸਾਰੇ ਪਿੱਛੇ ਛੱਡਚੱਲੀਏ, ਨਾਲ ਖ਼ੁੱਸ਼ੀ ਦੇ ਅੱਗੇ ਵੱਲਚੱਲੀਏ,
ਨਵੀਂ ਰੌਸ਼ਨੀ ਲੈ ਕੇ ਆਏ, ਹਰ ਦਿਲ ਨੇ ਅਰਮਾਨ ਸਜਾਏ.
ਨਵੇਂ ਸਾਲ ਦੇ ਹਰ ਇੱਕਪਲਵਿੱਚ, ਰੰਗਖਿੜਨ ਖੁਸ਼ਹਾਲੀ ਦੇ,
ਰਹਿਗਏ ਜੋ ਕੰਮਅਧੂਰੇ, ਮਿਲਚੱਲੀਏ ਰਾਹ ਉਨੱਤੀਵਾਲੀ ਦੇ.
ਪਿਆਰ, ਭਰੋਸਾ ਤੇ ਮਿਲਾਪਮਨਾਂ' ਚ ਹੋਵੇ ਪੈਦਾ, ਮਨੁੱਖਤਾ ਵਾਲੇ ਰੰਗ ਭਰ ਲਈਏ,
ਨਫਰਤਾਂ ਦੇ ਪਹਾੜਗਿਰਾਕੇ, ਦੋਸਤੀ ਦੇ ਪੁਲ ਬਣਾਲਈਏ.
ਆਕਾਸ਼ਤੱਕ ਉੱਡਣ ਦੇ ਸੁਪਨੇ ਦੇਖੀਏ, ਮਿਹਨਤਨਾਲਅੱਗੇ ਵਧੀਏ,
ਨਵੇਂ ਸਾਲ ਦੇ ਹਰ ਦਿਨਵਿੱਚ, ਨਵੀਂਕਹਾਣੀ ਹਰ ਪੰਨੇ ਤੇ ਚੜਾਈਏ.
ਹਰ ਇੱਕਦਿਲਵਿੱਚਹੋਵੇ ਰੁਸ਼ਨਾਈ, ਸੰਸਾਰ ਸਾਰਾ ਰੌਸ਼ਨਹੋਵੇ,
ਨਵੇਂ ਸਾਲ ਦੀ ਇਹੋ ਦਾਤ ਕਬੂਲ ਕਰੋ, ਹਰ ਦਿਨਪਿਆਰਨਾਲ ਭਰਪੂਰ ਕਰੋ.
ਜੀਵਨ ਦੇ ਰਾਹਾਂਨੂ▲ ਸਜਾਈਏ, ਨਵੇਂ ਸੁਪਨਿਆ ਦੇ ਖੰਭਲਗਾਈਏ,
'ਫ਼ਕੀਰਾ' ਨਵੇਂ ਸਾਲ ਦੇ ਸੁਨਹਿਰੇ ਸੁਪਨੇ, ਹਰ ਇੱਕਮਨਵਿੱਚਜਗਾਈਏ.
ਸਾਰਿਆ ਨੂੰ ਆਪਣਾਬਣਾਈਏ, ਤੇ ਉਸ ਦਾਤੇ ਦਾ ਸ਼ੁਕਰਮਨਾਈਏ



ਵਿਨੋਦਫ਼ਕੀਰਾ,ਸਟੇਟ ਐਵਾਰਡੀ,
ਵਿਨੋਦਕੁਮਾਰਵਾਲੀਗਲੀ,
ਆਰੀਆ ਨਗਰ, ਕਰਤਾਰਪੁਰ,
ਜਲੰਧਰ.
ਮੋ.ਨੰ: 098721 97326
vinodfaqira8@gmial.com

# ਸੰਗਤ ਕੈਂਚੀਆਂ ਤੇ ਕਿਸਾਨਾਂ ਨੇ ਲਗਾਇਆ ਧਰਨਾ ਸੰਗਤ ਮੰਡੀ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਦੁਕਾਨਾਂ ਤੇ ਹੋਰ ਕਾਰੋਬਾਰੀ ਅਦਾਰੇ ਪੂਰੀ ਤਰ੍ਹਾਂ ਰਹੇ ਬੰਦ

ਸੰਗਤ ਮੰਡੀ (ਲੋਕ ਬਾਣੀ)
ਪੰਜਾਬ ਬੰਦ ਦੇ ਸੱਦੇ ਨੂੰ ਲੈ ਕੇ ਅੱਜ ਸੰਗਤ ਮੰਡੀ ਸਮੇਤ ਦੁਕਾਨਾਂ ਹੋਰ ਕਾਰੋਬਾਰੀ ਅਦਾਰੇ ਪੂਰੀ ਤਰ੍ਹਾਂ ਬੰਦ ਰਹੇ ਬਠਿੰਡਾ ਡੱਬਵਾਲੀ ਮੁੱਖ ਮਾਰਗ ਸੰਗਤ ਕੈਂਚੀਆਂ ਤੇ ਕਿਸਾਨਾਂ ਵੱਲੋਂ ਵੱਡਾ ਧਰਨਾ ਲਗਾ ਕੇ ਰੋਸ਼ ਪ੍ਰਦਰਸ਼ਨ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਕੀਤਾ ਗਈ। ਮੁੱਖ ਮਾਰਗ ਤੋਂ ਇੱਕਾ ਦੁਕਾ ਆਉਣ ਵਾਲੇ ਕਿਸੇ ਵੀ ਰਾਹਗੀਰ ਨੂੰ ਗੁਜ਼ਰਨ ਨਹੀਂ ਦਿੱਤਾ ਜਾ ਰਿਹਾ ਸੀ ।ਇਸ ਦੌਰਾਨ ਕਈ ਲੋਕਾਂ ਦੀ ਅੱਗੇ ਲੰਘਣ ਨੂੰ ਲੈ ਕੇ ਕਿਸਾਨ ਆਗੂਆਂ ਨਾਲ ਬੈਂਸਬਾਜ਼ੀ ਵੀ ਹੁੰਦੀ ਰਹੀ ।ਸੰਗਤ ਪੁਲਿਸ ਵੱਲੋਂ ਰਾਹਗੀਰਾਂ ਨੂੰ ਅੱਗੇ ਜਾਣ ਤੋਂ ਰੋਕ ਕੇ ਬਦਲਵੇ ਰਸਤੇ ਰਾਹੀਂ ਭੇਜਿਆ ਜਾ ਰਿਹਾ ਸੀ।ਇਸ ਦੌਰਾਨ ਦੇਖਿਆ ਗਿਆ ਕਿ ਭਾਵੇਂ ਐਮਰਜੈਂਸੀ ਸੇਵਾਵਾਂ ਨੂੰ ਬਹਾਲ ਰੱਖਿਆ ਹੋਇਆ ਸੀ ।ਇਸ ਮੌਕੇ ਕਿਸਾਨ ਆਗੂ ਰੇਸ਼ਮ ਸਿੰਘ ਯਾਤਰੀ ਨੇ ਕਿਹਾ ਕਿ ਅੱਜ ਪੰਜਾਬ ਬੰਦ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਕੀਤਾ ਗਿਆ ਹੈ। ਜੋ ਕਿ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਤੋਂ ਇਨਕਾਰੀ ਹੈ। ਉਹਨਾਂ ਕਿਹਾ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਬਾਰਡਰ ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਆਪਣੀ ਜ਼ਿੰਦਗੀ ਕਿਸਾਨੀ ਸੰਘਰਸ਼ ਦੇ ਨਾਂ ਲਾਈ ਹੋਈ ਹੈ ਤੇ ਉਹ ਲਗਾਤਾਰ 35 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਹੋਏ ਹਨ ਪਰ ਫਿਰ ਵੀ ਮੋਦੀ ਸਰਕਾਰ ਵੱਲੋਂ ਕੋਈ ਗੱਲਬਾਤ ਨਹੀਂ ਕੀਤੀ ਜਾ ਰਹੀ ।ਇਸ ਮੌਕੇ ਕਿਸਾਨ ਆਗੂ ਰੇਸ਼ਮ ਸਿੰਘ ਤੋਂ ਇਲਾਵਾ ਬਲਾਕ ਪ੍ਰਧਾਨ ਪਿਆਰਾ ਸਿੰਘ, ਬਲਜੀਤ ਸਿੰਘ ਗੁਰਥੜੀ,ਜਗਦੀਸ਼ ਸਿੰਘ ਦੁਨੇਵਾਲਾ, ਜਗਦੇਵ ਸਿੰਘ ਮਹਿਤਾ,ਗੁਲਾਬ ਸਿੰਘ ਜੱਸੀ, ਨਿਰਮਲ ਸਿੰਘ ਕੋਟਗੁਰੂ,



ਰਾਮਫਲ ਸਿੰਘ, ਬਲਜੀਤ ਸਿੰਘ ਪੱਪੂ, ਤਰਸੇਮ ਸਿੰਘ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਪ੍ਰਯਾਗਰਾਜ ਮਹਾਕੁੰਭ 2025 ਜਾਣ ਲਈ ਬੁਕਿੰਗ ਸ਼ੁਰੂ - ਅਯੁੱਧਿਆ ਦਰਸ਼ਨ ਵੀ ਕਰਵਾਏ ਜਾਣਗੇ

ਚੰਡੀਗੜ੍ਹ, (ਲੋਕ ਬਾਣੀ)
ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈਆਰਸੀਟੀਸੀ) ਨੇ ਪ੍ਰਯਾਗਰਾਜ ਵਿੱਚ ਮਹਾਕੁੰਭ ਲਈ ਫਲਾਈਟ ਪੈਕੇਜ ਤਿਆਰ ਕੀਤਾ ਹੈ। ਆਈ.ਆਰ.ਸੀ.ਟੀ.ਸੀ ਵਲੋਂ ਇਹ ਟੂਰ 8 ਤੋਂ 10 ਅਤੇ 18 ਤੋਂ 25 ਫਰਵਰੀ, 20 25 ਤੱਕ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਆਯੋਜਿਤ ਕੀਤੇ ਜਾਣਗੇ।
ਰੀਜਨਲ ਮੈਨੇਜਰ ਹਰਜੋਤ ਸਿੰਘ ਸੰਧੂ ਨੇ ਦੱਸਿਆ ਕਿ ਚੰਡੀਗੜ੍ਹ ਤੋਂ ਲਖਨਊ ਲਈ ਇੰਡੀਗੋ ਦੀ ਫਲਾਈਟ ਨੰਬਰ 6 ਈ 146 ਸਵੇਰੇ 7.10 ਵਜੇ ਟੇਕ ਆਫ ਕਰੇਗੀ ਅਤੇ ਸਵੇਰੇ 8.30 ਵਜੇ ਲਖਨਊ ਪਹੁੰਚੇਗੀ। ਸੜਕ ਰਾਹੀਂ ਲਖਨਊ ਤੋਂ ਪ੍ਰਯਾਗਰਾਜ ਲਿਜਾਇਆ ਜਾਵੇਗਾ। 2 ਰਾਤਾਂ ਅਤੇ 3 ਦਿਨਾਂ ਦੇ ਪੈਕੇਜ ਲਈ 9♣3"3 ਨੇ ਆਨਲਾਈਨ ਅਤੇ ਆਫਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਆਈ.ਆਰ.ਸੀ.ਟੀ.ਸੀ ਤੁਸੀਂ ਇਸਦੀ ਵੈੱਬਸਾਈਟ ਤੋਂ ਟਿਕਟਾਂ ਬੁੱਕ ਕਰ ਸਕਦੇ ਹੋ। ਜਦੋਂ ਕਿ ਆਈ.ਆਰ.ਸੀ.ਸੀ. ਟੀ. ਇਸ ਦੇ ਸੈਕਟਰ-34 ਸਥਿਤ ਦਫਤਰ ਤੋਂ ਵੀ ਟਿਕਟਾਂ ਖਰੀਦੀਆਂ ਜਾ ਸਕਦੀਆਂ ਹਨ। ਯਾਤਰਾ ਤੋਂ ਇਲਾਵਾ, ਕਿਰਾਏ ਵਿੱਚ ਰਿਹਾਇਸ਼ ਅਤੇ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣਾ ਵੀ ਸ਼ਾਮਲ ਹੈ।



ਅਯੁੱਧਿਆ ਦਰਸ਼ਨ ਵੀ:
- ਪ੍ਰਯਾਗਰਾਜ ਮਹਾਕੁੰਭ ਦੇ ਨਾਲ-ਨਾਲ ਅਯੁੱਧਿਆ ਦੇ ਦਰਸ਼ਨ ਵੀ ਕਰਵਾਏਗਾ
- ਪਹਿਲੇ ਦਿਨ ਅਸੀਂ ਲਖਨਊ ਤੋਂ ਸੜਕ ਰਾਹੀਂ ਪ੍ਰਯਾਗਰਾਜ ਜਾਣਗੇ, ਜਿੱਥੇ ਸੰਗਮ ਦੀਆਂ ਧਾਰਾਵਾਂ ਵਿਚਕਾਰ ਮਹਾਂ ਕੁੰਭ ਕਰਵਾਇਆ ਜਾ ਰਿਹਾ ਹੈ।
- ਦੂਜੇ ਦਿਨ ਅਯੁੱਧਿਆ ਵਿਚ ਰਾਮ ਜਨਮ ਭੂਮੀ ਅਤੇ ਹਨੂੰਮਾਨ ਗੜ੍ਹੀ ਮੰਦਰ ਨੂੰ ਲਿਜਾਇਆ ਜਾਵੇਗਾ।

ਰੀਜਨਲ ਮੈਨੇਜਰ ਹਰਜੋਤ ਸਿੰਘ ਸੰਧੂ ਨੇ ਦੱਸਿਆ ਕਿ ਚੰਡੀਗੜ੍ਹ ਤੋਂ ਲਖਨਊ ਲਈ ਇੰਡੀਗੋ ਦੀ ਫਲਾਈਟ ਨੰਬਰ 6 ਈ 146 ਸਵੇਰੇ 7.10 ਵਜੇ ਟੇਕ ਆਫ ਕਰੇਗੀ ਅਤੇ ਸਵੇਰੇ 8.30 ਵਜੇ ਲਖਨਊ ਪਹੁੰਚੇਗੀ। ਸੜਕ ਰਾਹੀਂ ਲਖਨਊ ਤੋਂ ਪ੍ਰਯਾਗਰਾਜ ਲਿਜਾਇਆ ਜਾਵੇਗਾ। 9♣3"3 ਨੇ 2 ਰਾਤਾਂ ਅਤੇ 3 ਦਿਨਾਂ ਦੇ ਪੈਕੇਜਾਂ ਲਈ ਆਨਲਾਈਨ ਅਤੇ ਆਫਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਤੁਸੀਂ 9♣3"3 ਦੀ ਵੈੱਬਸਾਈਟ ਤੋਂ ਟਿਕਟ ਬੁੱਕ ਕਰ ਸਕਦੇ ਹੋ। ਜਦੋਂ ਕਿ ਆਈ.ਆਰ.ਸੀ.ਸੀ.ਟੀ. ਇਸ ਦੇ ਸੈਕਟਰ-34 ਸਥਿਤ ਦਫਤਰ ਤੋਂ ਵੀ ਟਿਕਟਾਂ ਖਰੀਦੀਆਂ ਜਾ ਸਕਦੀਆਂ ਹਨ। ਯਾਤਰਾ ਤੋਂ ਇਲਾਵਾ, ਕਿਰਾਏ ਵਿੱਚ ਰਿਹਾਇਸ਼ ਅਤੇ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣਾ ਸ਼ਾਮਲ ਹੈ।
ਜੇ ਪਰਿਵਾਰ ਵਿੱਚ ਦੋ-ਤਿੰਨ ਲੋਕ ਹਨ ਤਾਂ ਕਿਰਾਏ ਵਿੱਚ ਛੋਟ ਆਈ.ਆਰ.ਸੀ.ਟੀ.ਸੀ ਟਿਕਟ ਤੋਂ ਇਲਾਵਾ ਕੋਈ ਹੋਰ ਫੀਸ ਨਹੀਂ ਲਈ ਜਾਵੇਗੀ। 37960 ਰੁਪਏ ਪ੍ਰਤੀ ਵਿਅਕਤੀ ਟਿਕਟ ਦੇਣੇ ਪੈਣਗੇ। ਪਰਿਵਾਰ ਵਿੱਚ ਦੋ-ਤਿੰਨ ਵਿਅਕਤੀ ਹੋਣ ਤੇ ਕਿਰਾਏ ਵਿੱਚ ਰਿਆਇਤ ਦਾ ਵੀ ਪ੍ਰਬੰਧ ਹੈ।

# ਮਰਨ ਉਪਰੰਤ ਅੱਖਾਂ ਦਾਨ ਕਰਵਾਉਣ ਤੇ ਪ੍ਰੀਸ਼ਦ ਮੈਂਬਰਾਂ ਨੇ ਪਰਿਵਾਰ ਨੂੰ ਕੀਤਾ ਸਨਮਾਨਿਤ

ਡੇਰਾਬੱਸੀ,(ਲੋਕ ਬਾਣੀ)
ਭਾਰਤ ਵਿਕਾਸ ਪ੍ਰੀਸ਼ਦ ਡੇਰਾਬੱਸੀ ਵੱਲੋਂ ਮਰਨ ਉਪਰੰਤ ਅੱਖਾਂ ਦਾਨ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਲਗਾਤਾਰ ਅੱਗੇ ਵਧਾਇਆ ਜਾ ਰਿਹਾ ਹੈ ਹੁਣ ਤੱਕ ਪ੍ਰੀਸ਼ਦ ਦੇ ਯਤਨਾਂ ਨਾਲ 156 ਵਿਆਕਤੀਆਂ ਦੀਆਂ ਅੱਖਾਂ ਦਾਨ ਕਰਵਾਈਆਂ ਜਾ ਚੁੱਕੀਆਂ ਹਨ। ਜਿਸ ਨਾਲ 312 ਵਿਅਕਤੀਆਂ ਦੀ ਹਨੇਰੀ ਜ਼ਿੰਦਗੀ ਵਿੱਚ ਰੋਸ਼ਨੀ ਹੋਈ ਹੈ
ਪ੍ਰੀਸ਼ਦ ਦੇ ਪ੍ਰੈੱਸ ਸਕੱਤਰ ਅਤੇ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ ਨੇ ਦੱਸਿਆ ਕਿ ਲੰਘੀ 26 ਦਸੰਬਰ ਨੂੰ ਇੰਦਰਜੀਤ ਕੌਰ ਪਤਨੀ ਸਮਾਜ ਸੇਵੀ ਨੱਥਾ ਸਿੰਘ ਆਪਣੀ ਸੰਸਾਰੀ ਯਾਤਰਾ ਪੂਰੀ ਕਰਕੇ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ ਸੋਮਵਾਰ ਨੂੰ ਉਹਨਾਂ ਦੀ ਅੰਤਿਮ ਗੁਰਦੁਆਰਾ ਸ਼ਕਤੀ ਨਗਰ ਵਿਖੇ ਹੋਈ



ਇਸ ਮੌਕੇ ਪ੍ਰੀਸ਼ਦ ਮੈਂਬਰਾਂ ਵੱਲੋਂ ਸਵ ਇੰਦਰਜੀਤ ਕੌਰ ਦੇ ਪਤੀ ਨੱਥਾ ਸਿੰਘ ਅਤੇ ਉਨ੍ਹਾਂ ਦੀਆਂ ਬੇਟੀਆਂ ਗੀਤਾ ਨੰਦਰਾ ਪ੍ਰਿੰਸੀਪਲ ਲਾਰਡ ਮਹਾਵੀਰ ਸਕੂਲ, ਤ੍ਰਿਪਤਾ ਅਤੇ ਹਰਬੀਨ ਕੌਰ ਨੂੰ ਅੱਖਾਂ ਦਾਨ ਕਰਵਾਉਣ ਤੇ ਸਨਮਾਨ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ ।
ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਸੁਰਿੰਦਰ ਅਰੋੜਾ, ਸਕੱਤਰ ਹਤਿੰਦਰ ਮੋਹਨ ਸ਼ਰਮਾ, ਖਜਾਨਚੀ ਵਿਸ਼ਾਲ ਸ਼ਰਮਾ, ਬਰਖਾ ਰਾਮ, ਰਮੇਸ਼ ਮਹਿੰਦਰੂ, ਬਲਬੀਰ ਸਿੰਘ ਹਾਜ਼ਰ ਸਨ

# ਦਾਰਾ ਪਰਿਵਾਰ ਨੇ ਰੋਟੇਰੀਅਨ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਨਾਲ ਕੀਤੀ ਮੁਲਾਕਾਤ

ਮਾਲੇਰਕੋਟਲਾ (ਲੋਕ ਬਾਣੀ) :ਮੈਡਮ ਜ਼ਰੀਨਾ ਦਾਰਾ ਜੀ (ਸਾਬਕਾ ਐਮ. ਸੀ.) , ਰੋਟੇਰੀਅਨ ਐਡਵੋਕੇਟ ਮੁਹੰਮਦ. ਇਕਬਾਲ, (ਮੈਂਬਰ ਪੰਜਾਬ ਹੱਜ ਕਮੇਟੀ ਆਪ), ਰੋਟੇਰੀਅਨ ਮੁਹੰਮਦ. ਆਜ਼ਮ ਦਾਰਾ ਜੀ (ਜ਼ਿਲ੍ਹਾ ਘੱਟ ਗਿਣਤੀ ਪ੍ਰਧਾਨ ਪੰਜਾਬ ਆਪ) ਅਤੇ ਮੁਹੰਮਦ ਆਰਿਫ ਦਾਰਾ (ਐਮ. ਸੀ. ਵਾਰਡ ਨੰ. 18) ਨੇ ਰੋਟੇਰੀਅਨ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਨੂੰ ਗੋਬਿੰਦ ਇੰਕਲੇਬ ਖੰਨਾ ਰੋਡ ਵਿਖੇ ਪਰਿਵਾਰ ਸਮੇਤ ਪਹੁੰਚ ਕੇ ਨਵੇਂ ਮਕਾਨ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਕੁਰੇਸ਼ੀ ਫੈਮਿਲੀ ਅਤੇ ਚੌਹਾਨ ਫੈਮਿਲੀ ਦੇ ਨਾਲ ਸੁਬਹਾਨ ਐਮਬਰੋਡਰੀ ਦੇ ਐਮ. ਡੀ. ਜਨਾਬ ਮੁਸ਼ਤਾਕ ਅਹਿਮਦ ਰਾਣਾ ਜੀ ਵੀ ਹਾਜ਼ਰ ਸਨ।
ਇਸ ਮੌਕੇ ਬਿੱਟੂ ਚੋਹਾਨ ਨੇ ਆਂਟੀ ਜ਼ਰੀਨਾ ਦਾਰਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਜੀ ਆਇਆਂ ਨੂੰ ਕਿਹਾ। ਅਤੇ ਉਨ੍ਹਾਂ ਦੇ ਬੇਟੇ ਆਰਿਫ਼ ਦਾਰਾ ਦੀ ਇਸ ਜੀਮਣੀ ਚੋਣ ਵਿੱਚ ਇੱਕ ਵੱਡੀ ਲੀਡ ਨਾਲ ਜਿੱਤ ਦੀ ਪ੍ਰਸੰਸਾ ਕਰਦੇਆਂ ਮੁਬਾਰਕਬਾਦ ਵੀ ਦਿੱਤੀ।
ਅਤੇ ਇਹ ਵੀ ਕਿਹਾ ਕਿ ਇਹ ਜਿੱਤ ਪੰਜਾਬ ਦੀ ਇੱਕ ਇਤਿਹਾਸਿਕ ਜਿੱਤ ਹੈ। ਇਹ ਵੀ ਕਿਹਾ ਕਿ ਹਲਕਾ



ਮਾਲੇਰਕੋਟਲਾ ਦੀ ਅਵਾਮ ਨੇ ਆਰਿਫ਼ ਦਾਰਾ ਦੀ ਸਪੋਟ ਕਿੱਤੀ ਅਤੇ ਵਾਰਡ ਨੰਬਰ 18 ਤੋਂ ਜਿੱਤਾਕੇ ਮੌਜੂਦਾ ਐਮ ਐਲ ਏ ਦੇ ਖਿਲਾਫ ਪਿਛਲੇ 2.5 ਸਾਲ ਤੋਂ ਦੁਖੀ ਲੋਗਾਂ ਨੇ ਅਪਣੇ ਮਨਾਂ ਦੀ ਭੜਾਸ ਕੱਢੀ ਅਤੇ ਰਲ ਮਿਲਕੇ ਭੰਗੜਾ ਪਾ ਕੇ ਇਸ ਜਿੱਤ ਦੀਆਂ ਖੁਸ਼ਿਆਂ ਮਨਾਇਆਂ।
ਅਖੀਰ ਵਿੱਚ ਬਿੱਟੂ ਚੋਹਾਨ ਨੇ ਆਂਟੀ ਜ਼ਰੀਨਾ ਦਾਰਾ ਜੀ ਨੂੰ ਪ੍ਰੀਵਾਰ ਸਮੇਤ ਅਪਣੇ ਨਵੇਂ ਘਰ ਆਉਣ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਆਰਿਫ਼ ਦਾਰਾ ਜੀ ਪ੍ਰਧਾਨ ਦੀ ਕੁਰਸੀ ਤੇ ਵਿਰਾਜਮਾਨ ਹੋਣਗੇ।

# ਖਨੌਰੀ ਬਾਰਡਰ ਤੇ ਹਲਚਲ ਹੋਈ ਤੇਜ , ਉੱਚ ਪੁਲਿਸ ਅਧਿਕਾਰੀਆਂ ਦੇ ਪਹੁੰਚਣ ਦੀ ਖਬਰ

ਮੋਹਾਲੀ ,(ਲੋਕ ਬਾਣੀ) ਪੰਜਾਬ ਵਿੱਚ ਇੱਕ ਪਾਸੇ ਕਿਸਾਨ ਜੱਥੇਬੰਦੀਆ ਵੱਲੋਂ ਦਿੱਤੇ ਬੰਦ ਦੇ ਸੱਦੇ ਦਾ ਪੂਰਣ ਅਸਰ ਵੇਖਣ ਨੂੰ ਮਿਲਿਆ ਦੂਜੇ ਪਾਸੇ ਖਨੌਰੀ ਬਾਰਡਰ ਤੇ ਭੁੱਖ ਹੜਤਾਲ ਤੇ ਬੈਠੇ ਜਗਜੀਤ ਸਿੰਘ ਡੇਲਵਾਲ ਨੂੰ ਮਨਾਉਣ ਦੀਆਂ ਕੋਸ਼ਿਸ਼ ਲਗਾਤਾਰ ਜਾਰੀ ਹਨ। ਇਸ ਸਭ ਦੇ ਵਿਚਾਲੇ ਖਨੌਰੀ ਬਾਰਡਰ ਤੇ ਹਲਚਲ ਤੇਜ ਹੁੰਦੀ ਨਜ਼ਰ ਆ ਰਹੀ ਹੈ। ਖਬਰ ਮਿਲੀ ਹੈ ਕਿ ਖਨੌਰੀ ਬਾਰਡਰ ਤੇ ਪੁਲਸ ਵਿਭਾਗ ਦੇ ਕਈ ਵੱਡੇ ਅਫ਼ਸਰ ਪਹੁੰਚ ਚੁੱਕੇ ਹਨ। ਜਾਣਕਾਰੀ ਇਹ ਵੀ ਮਿਲੀ ਹੈ ਕਿ ਇਹ ਅਧਿਕਾਰੀ ਉੱਥੇ ਮੌਜੂਦ ਕਿਸਾਨ ਆਗੂਆਂ ਨਾਲ ਜਲਦ ਬੈਠਕ ਕਰਨਗੇ। ਜਿਸ ਦੌਰਾਨ ਭੁੱਖ ਹੜਤਾਲ ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਤੇ ਚਰਚਾ ਹੋ ਸਕਦੀ ਹੈ।
ਦੱਸਿਆ ਜਾਂਦਾ ਹੈ ਕਿ ਡੀਆਈ ਜੀ ਪਟਿਆਲਾ ਰੇਂਜ, ਸਾਬਕਾ ਏਡੀਜੀਪੀ ਜਸਕਰਨ ਸਿੰਘ, ਐਸਐਸਪੀ ਪਟਿਆਲਾ ਰੇਂਜ ਮੋਰਚੇ ਵਾਲੀ ਥਾਂ ਪਹੁੰਚੇ ਹਨ। ਜਿਨ੍ਹਾਂ ਨਾਲ ਕਿਸਾਨਾਂ ਦੀ ਬੈਠਕ ਹੋਣ ਦੀ ਚਰਚਾ ਚੱਲ ਰਹੀ ਹੈ।
ਸ. ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਮਾਮਲੇ ਵਿੱਚ ਸੁਪਰੀਮ ਕੋਰਟ ਵਲੋਂ ਬੀਤੇ ਦਿਨੀਂ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ ਸਨ। ਸੁਪਰੀਮ ਕੋਰਟ ਨੇ ਡੱਲੇਵਾਲ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਉਣ ਲਈ ਕਿਹਾ ਗਿਆ ਸੀ। ਜਿਸ ਪਿੱਛੋਂ ਪੰਜਾਬ ਪੁਲਸ ਦੇ ਅਧਿਕਾਰੀ ਲਗਾਤਾਰ ਡੱਲੇਵਾਲ ਤੇ ਕਿਸਾਨ ਆਗੂਆਂ ਨੂੰ ਮਨਾਉਣ ਵਿੱਚ ਲੱਗੇ ਹੋਏ ਹਨ। ਐਤਵਾਰ ਨੂੰ ਵੀ ਕਿਸਾਨ ਆਗੂਆਂ ਤੇ ਪੁਲਸ ਅਧਿਕਾਰੀਆਂ ਦੀ ਬੈਠਕ ਹੋਈ ਸੀ, ਪਰ ਉਹ ਕਿਸੇ ਨਤੀਜੇ ਤਕ ਨਹੀਂ ਪਹੁੰਚੀ। ਜਿਸ ਪਿੱਛੋਂ ਅੱਜ ਹੁਣ ਪੁਲਸ ਵਿਭਾਗ ਦੇ ਆਲਾ ਅਧਿਕਾਰੀ ਇਕ ਵਾਰ ਫਿਰ ਕਿਸਾਨ ਆਗੂਆਂ ਨਾਲ ਬੈਠਕ ਕਰ ਸਕਦੇ ਹਨ।



ਦੂਜੇ ਪਾਸੇ ਖਨੌਰੀ ਬਾਰਡਰ 'ਤੇ 35 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਨੂੰ ਸੁਪਰੀਮ ਕੋਰਟ ਦੀਆਂ ਹਦਾਇਤਾਂ ਤਹਿਤ ਇਲਾਜ ਲਈ ਚੁੱਕਣ ਵਾਸਤੇ ਪੁਲਿਸ ਵੱਲੋਂ ਕਿਸੇ ਵੀ ਸਮੇਂ ਕਾਰਵਾਈ ਨੂੰ ਅੰਜਾਮ ਦਿੱਤੇ ਜਾਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਇਸ ਸਬੰਧ ਵਿੱਚ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸੋਮਵਾਰ ਸਵੇਰੇ ਹੀ ਪਾਤੜਾਂ ਸ਼ਹਿਰ ਵਿੱਚ ਵਾਟਰ ਕੈਨਨ ਦੀਆਂ ਗੱਡੀਆਂ, ਅੱਥਰੂ ਗੈਸ ਦੇ ਗੋਲੇ ਦਾਗਣ ਵਾਲੀਆਂ ਗੱਡੀਆਂ ਸਮੇਤ ਵੱਡੀ ਗਿਣਤੀ ਪੁਲਿਸ ਫੋਰਸ ਪਹੁੰਚੀ ਹੈ।
ਪੁਲਿਸ ਦੀ ਤਿਆਰੀ ਦੀਆਂ ਖ਼ਬਰਾਂ ਮਿਲਣ ਤੋਂ ਬਾਅਦ ਕਿਸਾਨ ਆਗੂ ਵੀ ਐਕਟੀਵ ਮੋਡ ਵਿੱਚ ਨਜ਼ਰ ਆ ਰਹੇ ਹਨ। ਕਿਸਾਨ ਆਗੂ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨ ਲਵੇ ਤੇ ਡੱਲੇਵਾਲ ਭੁੱਖ ਹੜਤਾਲ ਤੋੜ ਦੇਣਗੇ। ਕਿਸਾਨ ਆਗੂ ਨਹੀਂ ਚਾਹੁੰਦੇ ਕਿ ਧਰਨਕਾਰੀਆਂ ਤੇ ਪੁਲਸ ਕੋਈ ਕਾਰਵਾਈ ਕਰੇ।

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਬੰਦ ਨੂੰ ਮਿਲਿਆ ਭਰਮਾ ਹੁੰਗਾਰਾ ਪੂਰਨ ਤੌਰ ਤੇ ਬੰਦ ਰਿਹਾ,

ਮਲੇਰਕੋਟਲਾ (ਲੋਕ ਬਾਣੀ) ਕਿਸਾਨ ਜੱਥੇਬੰਦੀਆਂ ਅਤੇ ਪੰਜ ਖੱਬੀਆਂ ਪਾਰਟੀਆਂ ਵਲੋਂ ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖਿਲਾਫ ਰੋਸ ਮੁਜਾਹਿਰਾ ਮਾਲੇਰਕੋਟਲਾ ਦੇ ਸੱਟਾ ਬਜ਼ਾਰ ਵਿਖੇ ਸੀ▯ ਪੀ ▯ਆਈ (ਐਮ ) ਸੀ▯ ਪੀ ▯ਆਈਅ ਅਤੇ ਰਾਸ਼ਨ ਡਿੱਪੂ ਯੂਨੀਅਨ ਵਲੋਂ ਮੁਜ਼ਾਹਿਰਾ ਕੀਤਾ । ਇਸ ਮੌਕੇ ਕਾਮਰੇਡ ਅਬਦੁਲ ਸਤਾਰ ਜਿਲ੍ਹਾ ਸਕੱਤਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲੋਕਾਂ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ ਜੋ ਕਿ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਸ਼ਾਨ ਦੇ ਖਿਲਾਫ ਜੋ ਸ਼ਬਦਾਂ ਦੀ ਵਰਤੋਂ ਕੀਤੀ ਹੈ ਅਮਿਤ ਸ਼ਾਹ ਨੂੰ ਭਾਰਤੀ ਲੋਕਾਂ ਕੋਲੋਂ ਮਾਫੀ ਮੰਗਣ । ਇਸ ਮੌਕੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਾਰੇ ਜਾਣੂ ਕਰਵਾਇਆ ।ਜਥੇਬੰਦੀਆਂ ਵੱਲੋਂ ਜੋ ਅੱਜ ਬੰਦ ਦੀ ਕਾਲ ਦਿੱਤੀ ਗਈ ਸੀ ਉਸ ਨੂੰ ਪੂਰੇ ਪੰਜਾਬ ਵਿੱਚ ਜਿੱਥੇ ਭਰਮਾ ਹੁੰਗਾਰਾ ਮਿਲਿਆ ਉਥੇ ਹੀ ਜੇਕਰ ਗੱਲ ਮਲੇਰਕੋਟਲਾ ਦੀ ਕਰੀਏ ਤਾਂ ਮਲੇਰਕੋਟਲਾ ਵਿੱਚ ਵੀ ਸਵੇਰੇ 7 ਵਜੇ ਤੋਂ ਲੈ ਕੇ 4 ਵਜੇ ਤੱਕ ਚੱਲਣ ਵਾਲੇ ਇਸ ਧਰਨੇ ਦੌਰਾਨ ਪੂਰਨ ਤੌਰ ਤੇ ਸ਼ਹਿਰ ਬੰਦ ਰਿਹਾ ਇੱਥੇ ਤੱਕ ਕੇ ਟੈਂਪੂ ਰੇੜ੍ਹੀਆਂ ਤੱਕ ਨਹੀਂ ਚੱਲੀਆਂ ਸਕੂਲ ਕਾਲਜ ਵੀ ਰਹੇ ਬੰਦ ਦੁਕਾਨਦਾਰ ਕਿਸਾਨਾਂ ਦਾ ਸਾਥ ਦਿੰਦੇ ਵੀ ਦਿਖਾਈ ਦਿੱਤੇ ਕਿਸਾਨ ਜਥੇਬੰਦੀਆਂ ਵੱਲੋਂ ਅੱਜ ਸਰਹੰਦੀ ਗੇਟ,ਸੱਟਾ ਚੋਕ, ਟਰੱਕ ਯੂਨੀਅਨ,ਬਸ ਸਟੈਂਡ,ਦਾਣਾ ਮੰਡੀ ਸਬਜ਼ੀ ਮੰਡੀ ਦੇ ਅੰਦਰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਧਰਨਾ ਲਗਾਇਆ ਗਿਆ ਅਤੇ ਚੱਕਾ ਜਾਮ ਕੀਤਾ ਗਿਆ ਬੜੀ ਸੰਖਿਆ ਵਿੱਚ ਕਿਸਾਨ ਆਗੂ ਇਸ ਧਰਨੇ ਵਿੱਚ ਸ਼ਾਮਿਲ ਹੋਏ ਜਦੋਂ ਪੱਤਰਕਾਰਾਂ ਦੀ ਟੀਮ ਨੇ ਪੂਰੇ ਮਲੇਰਕੋਟਲਾ ਸ਼ਹਿਰ ਦਾ ਦੌਰਾ ਕੀਤਾ ਤਾਂ ਉਹਨਾਂ ਦੇਖਿਆ ਕਿ ਲਾਲ ਬਾਜ਼ਾਰ,ਤਲਾਬ ਬਾਜ਼ਾਰ,ਛੋਟਾ ਚੌਕ,ਡਾ ਅਬਦੁਲ ਕਲਾਮ ਰੋਡ ,ਸੱਟਾ ਚੌਕ ਪੂਰਨ ਤੌਰ ਤੇ ਬੰਦ ਦਿਖਾਈ ਦਿੱਤੇ ਇੱਥੇ ਤੱਕ ਕੇ ਕੋਈ ਰਿਕਸ਼ਾ ਜਾਂ ਟੈਂਪੂ ਵੀ ਚਲਦਾ ਦਿਖਾਈ ਨਹੀਂ ਦਿੱਤਾ ਅਤੇ ਬੱਸਾਂ ਵੀ ਪੂਰਨ ਤੌਰ ਤੇ ਬੰਦ ਰਹੀਆਂ। ਕਾਮਰੇਡ ਅਬਦੁਲ ਸਤਾਰ ਨੇ ਕਿਹਾ ਕਿ ਹੁਣ ਤੱਕ ਕਿਸਾਨਾਂ ਨੂੰ ਉਹਨਾਂ ਦੇ ਹੱਕ ਮਿਲ ਜਾਣੇ ਚਾਹੀਦੇ ਹਨ ।ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਮਿਲ ਕੇ ਇਹਨਾਂ ਦੇ ਸਹੀ ਮਸਲੇ ਹੱਲ ਕਰ ਦੇਣੇ ਚਾਹੀਦੇ ਹਨ । ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਦੀ ਮੰਗ ਸੀ ਕਿ ਉਹਨਾਂ ਦੀਆਂ ਮੰਗਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਪਹਿਲ ਦੇ ਅਧਾਰ ਤੇ ਮੰਨੇ ਤਾਂ ਜੋ ਲੋਕ ਧਰਨੇ ਤੋਂ ਉੱਠ ਕੇ ਆਪਣੇ ਆਪਣੇ ਘਰਾਂ ਨੂੰ ਜਾ ਸਕਣ।ਇਸ ਮੌਕੇ ਕਾ ਰਛਪਾਲ ਸਿੰਘ ਮਹੋਲੀ , ਕਾ ਮੁਹੰਮਦ ਸਤਾਰ ,ਕਾ ਮੁਹੰਮਦ ਹਲੀਮ, ਕਾ ਕਰਤਾਰ ਸਿੰਘ ਮਹੋਲੀ ,ਕਾ ਬਹਾਦਰ ਸਿੰਘ ਮਹੋਲੀ, ਕਾ ਮੁਹੰਮਦ ਜਮੀਲ ਸਾਈ, ਕਾ ਅਮਨਦੀਪ ਸਿੰਘ, ਕਾ ਸੁਰਿੰਦਰ ਭੈਣੀ, ਕਾ ਗੁਰਮੁਖ ਸਿੰਘ ਮਹੇਰਨਾ, ਕਾ ਜਗਦੀਪ ਸਿੰਘ ਮਹੇਰਨਾ ,ਕਾ ਮੁਹੰਮਦ ਗਫੂਰ ,ਕਾ ਅਹਿਮਦ ਅਲੀ, ਕਾ ਬਾਲ ਕ੍ਰਿਸ਼ਨ ,ਕਾ ਹਰਮੀਤ ਸਿੰਘ ਚੂਹਾਣੇ ,ਕਾ ਮੁਹੰਮਦ ਸ਼ਕੀਲ ,ਕਾ ਮੁਹੰਮਦ ਖਾਲੀਲ , ਸੁਦਾਗਰ ਅਲੀ, ਕਾਮਰੇਡ ਮੁਹੰਮਦ ਸਲੀਮ,ਪ੍ਰਵੀਨ ਕੁਮਾਰ ਗਰਗ ਆਦਿ ਸ਼ਾਮਲ ਹੋਏ ।



# ਚੌਂਕ ਮਹਿਤਾ ਵਿਖੇ ਪਟਵਾਰੀ, ਬਿਜਲੀ ਮੁਲਾਜਮ ਤੇ ਟੀਚਰ ਕਿਸਾਨਾਂ ਦੇ ਹੱਕ ਚ ਡੱਟੇ

ਅੰਮ੍ਰਿਤਸਰ, (ਲੋਕ ਬਾਣੀ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਗੈਰ ਰਾਜਨੀਤਿਕ ਸਯੁਕਤ ਮੋਰਚਾ ਵੱਲੋਂ ਪੰਜਾਬ ਬੰਦ ਦਾ ਦਿੱਤਾ ਸੱਦੇ ਜਿਲ੍ਹਾ ਅੰਮ੍ਰਿਤਸਰ ਦੇ ਦਿਹਾਤੀ ਖੇਤਰਾਂ ਵਿਚ ਵੀ ਪੂਰੀ ਤਰਾਂ ਸਫਲ ਰਿਹਾ।
ਇਸ ਦੌਰਾਨ ਮਹਿਤਾ ਜੋਨ ਦੇ ਆਗੂ ਸਵਰਨ ਸਿੰਘ ਉਦੋਨੰਗਲ, ਰਣਧੀਰ ਸਿੰਘ ਬੁੱਟਰ, ਸ਼ਿਵਚਰਨ ਸਿੰਘ ਢਿੱਲੋਂ ਤੇ ਹਰਜੀਤ ਸਿੰਘ ਖੱਬੇਰਾਜਪੂਤਾਂ ਦੀ ਅਗਵਾਈ ਵਿਚ ਮੁੱਖ ਤੌਰ ਤੇ ਕਸਬਾ ਚੌਂਕ ਮਹਿਤਾ, ਨਾਥ ਦੀ ਖੂਹੀ ਅਤੇ ਅੱਡਾ ਬੁੱਟਰ ਧਰਦਿਓ ਦੇ ਬਜਾਰ ਮੁਕੰਮਲ ਬੰਦ ਦਿਖਾਈ ਦਿੱਤੇ, ਉਥੇ ਹੀ ਪਟਰੋਲ ਪੰਪ ਤੇ ਗੈਸ ਸਟੇਸ਼ਨ ਵੀ ਪੂਰਾ ਦਿਨ ਬੰਦ ਰਹੇ। ਇਸ ਦੌਰਾਨ ਪਟਵਾਰ ਯੂਨੀਅਨ ਵੱਲੋਂ ਪਟਵਾਰੀ ਰਸ਼ਪਾਲ ਸਿੰਘ ਜਲਾਲ, ਬਿਜਲੀ ਮੁਲਾਜਮ ਯੂਨੀਅਨ ਵੱਲੋਂ ਤਜਿੰਦਰ ਸਿੰਘ ਸੇਖੋਂ, ਟੀਚਰ ਯੂਨੀਅਨ ਵੱਲੋਂ ਪ੍ਰਿੰ. ਗੁਰਮੁੱਖ ਸਿੰਘ ਅਰਜਨਮਾਂਗਾ ਨੇ ਕਿਸਾਨਾਂ, ਮਜ਼ਦੂਰਾਂ ਦਾ ਸਾਥ ਦਿੰਦਿਆਂ ਆਪੋ ਆਪਣੀਆਂ ਜਥੇਬੰਦੀਆਂ ਸਮੇਤ ਇਸ ਧਰਨੇ ਵਿਚ ਸ਼ਮੂਲੀਅਤ ਕੀਤੀ ਅਤੇ ਕੇਂਦਰ ਸਰਕਾਰ ਦੇ ਕਿਸਾਨਾਂ ਪ੍ਰਤੀ ਵਤੀਰੇ ਦੀ ਕਰੜੇ ਸ਼ਬਦਾਂ ਚ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਲੋਕਤੰਤਰੀ ਢੰਗ ਨਾਲ ਚੁਣੀ ਭਾਰਤ ਸਰਕਾਰ ਆਪਣੇ ਹੀ ਦੇਸ਼ ਦੇ ਨਾਗਰਿਕਾਂ (ਕਿਸਾਨਾਂ) ਦੇ ਉਪਰ ਬੇਤਹਾਸ਼ਾ ਅੱਤਿਆਚਾਰ ਕਰ ਰਹੀ ਹੈ। ਕਿਸਾਨੀ ਮੰਗਾਂ ਨੂੰ ਲੈ ਕੇ ਪਿਛਲੇ ਇਕ ਮਹੀਨੇ ਤੋਂ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਤੇ ਬੈਠੇ ਹਨ, ਲੇਕਿਨ ਸਰਕਾਰ ਟਸ ਤੋਂ ਮਸ ਨਹੀਂ ਹੋ ਰਹੀ। ਉਨ੍ਹਾਂ ਕੇਂਦਰ ਸਰਕਾਰ ਦੇ ਇਸ ਤਾਨਾਸ਼ਾਹੀ ਰਵਈਏ ਦੀ ਨਿੰਦਾ ਕੀਤੀ ਅਤੇ ਆਖਿਆ ਕਿ ਸਰਕਾਰ ਦੇ ਇਸ ਵਤੀਰੇ ਨੇ ਪੂਰੀ ਦੁਨੀਆ ਵਿਚ ਦੇਸ਼ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ।
ਇਸ ਮੌਕੇ ਬਲਕਾਰ ਸਿੰਘ ਬਾਠ ਪੀ.ਬੀ.ਐੱਸ., ਮੌਲ ਚੌਕ ਮਹਿਤਾ ਵਾਲੇ,ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਪ੍ਰਿੰਸੀਪਲ ਗੁਰਮੁੱਖ ਸਿੰਘ ਸੰਧੂ ਅਰਜਨ ਮਾਂਗਾ,ਮਹਿਸਮਪੁਰ, ਸ਼ਮਸ਼ੇਰ ਸਿੰਘ ਬੁੱਟਰ, ਮੁਖਤਿਆਰ ਸਿੰਘ ਅਰਜਨਮਾਂਗਾ, ਤਰਸੇਮ ਸਿੰਘ ਉਦੋਨੰਗਲ, ਬਲਵਿੰਦਰ ਸਿੰਘ ਸੈਦੁਕੇ, ਜਥੇ. ਪ੍ਰਗਟ ਸਿੰਘ ਖੱਬੇ, ਨਿਰਮਲ ਸਿੰਘ ਚੂੰਘ, ਪ੍ਰੇਮ ਕੁਮਾਰ ਮਹਿਤਾ, ਗੁਰਬਖ਼ਸ਼ ਸਿੰਘ ਨੰਗਲੀ, ਸੰਪੂਰਨ ਸਿੰਘ ਰਜਧਾਨ, ਪ੍ਰਗਟ ਸਿੰਘ ਮਾਂਗਾ, ਗੁਰਭੇਜ ਸਿੰਘ ਪੱਡਾ, ਅਮਰਜੀਤ ਸਿੰਘ ਮਹਿਤਾ, ਕੈਪਟਨ ਸਿੰਘ ਮਹਿਸਮਪੁਰ, ਮਹਿੰਦਰ ਸਿੰਘ ਜਲਾਲ ਉਸਮਾਂ ਤੇ ਗੁਰਬਿੰਦਰ ਸਿੰਘ ਗੋਪੀ ਚੰਨਣਕੇ ਤੋਂ ਇਲਾਵਾ ਵੱਡੀ ਗਿਣਤੀ ਚ ਲੋਕ ਹਾਜਰ ਸਨ।



# ਭਾਕਿਯੂ ਏਕਤਾ ਉਗਰਾਹਾਂ ਬਲਾਕ ਮਲੌਦ ਨੇ ਮੋਦੀ ਸਰਕਾਰ ਦੀਆਂ ਅਰਥੀਆਂ ਸਾੜੀਆਂ

ਰਾੜਾ ਸਾਹਿਬ (ਲੋਕ ਬਾਣੀ) ਪੰਜਾਬ ਬੰਦ ਦੀ ਹਮਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਦੇ ਤੇ ਬਲਾਕ ਮਲੌਦ ਦੀਆ ਇਕਾਈਆ ਨੇ ਬਸ ਸਟੈਂਡ ਵਿੱਚ ਰੋਸ ਰੈਲੀ ਕਰਕੇ ਮੁਜ਼ਾਹਰਾ ਕਰਦੇ ਹੋਏ ਮਲੌਦ ਦੇ ਮੇਨ ਚੌਕ ਵਿਚ ਮੋਦੀ ਸਰਕਾਰ ਦੀ ਅਰਥੀ ਸਾੜੀ ਗਈ ਅਤੇ ਤਾਲਮੇਲਵੇ ਐਕਸ਼ਨ ਰਾਹੀ ਬਾਰਡਰਾਂ ਤੇ ਲੜ ਰਹੇ ਕਿਸਾਨਾਂ ਦੀ ਹਮਾਇਤ ਵਿੱਚ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਲਈ ਕੇਂਦਰ ਸਰਕਾਰ ਤੇ ਦਬਾਅ ਬਣਾਇਆ। ਬਸ ਸਟੈਂਡ ਵਿੱਚ ਹੋਈ ਰੈਲੀ ਨੂੰ ਸੰਬੋਧਨ ਕਰਦਿਆ ਕਿਸਾਨ ਆਗੂਆਂ ਨੇ ਸਾਝੀਂ ਲੜਾਈ ਲੜਨ ,ਵਿਸ਼ਾਲ ਮਿਹਨਤਕਸ਼ ਤਬਕਿਆਂ ਦਾ ਸਾਝਾਂ ਫਰੰਟ ਉਸਾਰਨ ਦੀ ਅਣਸਰਦੀ ਲੋੜ ਤੇ ਜੋਰ ਦਿੱਤਾ। ਬੁਲਾਰਿਆ ਨੇ ' ਕਲੇ ਕਲੇ ਮਾਰ ਨਾਂ ਖਾਓ, ਇਕੱਠੇ ਹੋਕੇ ਅੱਗੇ ਆਓ ' ਦੇ ਨਾਹਰੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਅਪੀਲ ਕਰਦਿਆ ਕਿਹਾ ਕਿ ਇਹ ਲੜਾਈ ਇਕੱਲੇ ਕਹਿਰੇ ਦੇ ਜਿੱਤਣ ਦੀ ਨਹੀਂ ਸਗੋਂ ਇਕੱਠੇ ਹੋਕੇ ਜਿੱਤਣ ਦੀ ਹੈ ।ਅੱਜ ਦੇ ਇਕੱਠ ਨੂੰ ਜਿਲਾ ਵਿੱਤ ਸਕੱਤਰ ਰਾਜਿੰਦਰ ਸਿੰਘ ਸਿਆੜ, ਬਲਵੰਤ ਸਿੰਘ ਘੁਡਾਣੀ ਬਲਾਕ ਪ੍ਰਧਾਨ ਦਵਿੰਦਰ ਸਿੰਘ ਸਿਰਥਲਾ, ਨਾਜਰ ਸਿੰਘ ਸਿਆੜ, ਮਨੋਹਰ ਸਿੰਘ ਕਲਾਹੜ ਨੇ ਸੰਬੋਧਨ ਕੀਤਾ। ਅੱਜ ਕਿਰਨਜੀਤ ਸਿੰਘ ਪੰਧੇਰ ਖੇੜੀ ਮਾ ਕੁਲਦੀਪ ਸਿੰਘ ਟਿੰਬਰਵਾਲ, ਡਾ ਰੁਪਿੰਦਰ ਸਿੰਘ ਜੋਗੀ ਮਾਜਰਾ, ਨਾਜਰ ਸਿੰਘ ਰਾਮਗੜ੍ਹ ਸਰਦਾਰਾਂ, ਗੁਰਜਿੰਦਰ ਸਿੰਘ ਰੋੜੀਆਂ ਮਨਪ੍ਰੀਤ ਸਿੰਘ ਜੀਰਖ ਧਰਮ ਸਿੰਘ ਮਾਲੋਦੌਦ ਚਰਨ ਸਿੰਘ ਸਿਹੌੜਾ ਨੇ ਵੀ ਵੱਡੀ ਗਿਣਤੀ ਵਿੱਚ ਕਿਸਾਨਾਂ ਦੀ ਸਮੂਲੀਅਤ ਕਰਵਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਅੱਜ ਦੇ ਇਕੱਠ ਨੇ ਬਾਰਡਰਾਂ ਤੇ ਲੜ ਰਹੇ ਕਿਸਾਨਾਂ ਅਤੇ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ 4 ਜਨਵਰੀ ਨੂੰ ਹਰਿਅਣਾ ਦੇ ਸ਼ਹਿਰ ਟੋਹਾਣਾ ਵਿੱਚ ਅਤੇ 9ਜਨਵਰੀ ਨੂੰ ਮੋਗੇ ਵਿੱਚ ਹੋ ਰਹੀਆ ਵਿਸ਼ਾਲ ਕਿਸਾਨ ਪੰਚਾਇਤਾਂ ਵਿੱਚ ਵਡੀ ਸਮੂਲੀਅਤ ਕਰਨ ਦਾ ਵਿਸਵਾਸ਼ ਦਿਵਾਇਆ।



# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਦਿੜ੍ਹਬਾ ਵਿਖੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ

ਦਿੜ੍ਹਬਾ ਮੰਡੀ (ਲੋਕ ਬਾਣੀ)-ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਕਿਸਾਨਾਂ ਖੇਤ/ਪੇਂਡੂ ਮਜ਼ਦੂਰਾਂ ਅਤੇ ਦੇਸ਼ ਵਿਰੋਧੀ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕਰਵਾਉਣ ਲਈ ਤੇ ਸਾਰੀਆਂ ਫਸਲਾਂ ਉੱਪਰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਐੱਮਐੱਸਪੀ ਦੀ ਗਰੰਟੀ ਦਾ ਕਾਨੂੰਨ ਬਣਾਉਣ ਲਈ ਤੇ ਲਗਾਤਾਰ ਵਧ ਰਹੇ ਖੇਤੀ ਲਾਗਤ ਖਰਚਿਆਂ ਕਾਰਨ ਅਤੇ ਫ਼ਸਲਾਂ ਦੇ ਲਾਭਕਾਰੀ ਮੁੱਲ ਨਾ ਮਿਲਣ ਕਾਰਨ ਕਿਸਾਨ ਤੇ ਖੇਤ ਮਜ਼ਦੂਰ ਭਾਰੀ ਕਰਜ਼ਾ-ਜਾਲ਼ ਵਿੱਚ ਫਸ ਚੁੱਕੇ ਹਨ ਅਤੇ ਖੁਦਕੁਸ਼ੀਆਂ ਕਰਨ ਕਰ ਰਹੇ ਹਨ। ਉਹਨਾਂ ਨੂੰ ਇਸ ਕਰਜ਼ਾ-ਜਾਲ਼ ਵਿੱਚੋਂ ਕੱਢਣ ਲਈ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਹਰ ਕਿਸਮ ਦਾ ਕਰਜ਼ਾ ਖਤਮ ਕਰਵਾਉਣ ਲਈ ਗਰੰਟੀ ਕਾਨੂੰਨ ਬਣਾਉਣ ਲਈ, ਕਿਸਾਨ ਅੰਦੋਲਨ ਦੌਰਾਨ ਕਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਜਿਹੜੇ ਪੁਲੀਸ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਮੜ੍ਹੇ ਕੇਸ ਰੱਦ ਕਰਵਾਉਣ ਲਈ ਇਹ ਰੋਸ਼ ਧਰਨੇ ਦਿੱਤੇ ਜਾ ਰਹੇ ਹਨ। ਇਸ ਮੌਕੇ ਦਰਸ਼ਨ ਸਿੰਘ ਚੰਗਾਲੀਵਾਲਾ ਨੇ ਕਿਹਾ ਕਿ ਫ਼ਸਲੀ ਰੋਗਾਂ,ਸੋਕਾ,ਹੜ੍ਹ,ਨਕਲੀ ਕੀਟਨਾਸ਼ਕਾਂ ਨਦੀਨਨਾਸ਼ਕਾਂ ਆਦਿ ਕਾਰਨ ਹੋਣ ਵਾਲੇ ਫ਼ਸਲੀ ਨੁਕਸਾਨ ਦੀ ਭਰਪਾਈ ਲਈ ਲਾਜ਼ਮੀ ਫ਼ਸਲ ਬੀਮਾ ਸੁਨਿਸ਼ਚਿਤ ਕਰਵਾਉਣ ਲਈ ਤੇ ਸ਼ੰਭੂ ਤੇ ਖਨੌਰੀ ਬਾਰਡਰਾਂ ਤੇ ਲਗਾਤਾਰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨਾਲ਼ ਫੌਰੀ ਗੱਲਬਾਤ ਰਾਹੀਂ ਮਸਲੇ ਹੱਲ ਕਰਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾਵੇ। ਇਸ ਮੀਟਿੰਗ ਨੂੰ ਪੈਨਸਨਰ ਵੈਲਫੇਅਰ ਦੇ ਆਗੂ ਦਰਸ਼ਨ ਸਿੰਘ ਰੋਗਲਾ, ਹਰਬੰਸ ਸਿੰਘ ਦਿੜ੍ਹਬਾ,ਰਾਜ ਸਿੰਘ ਦਿੜ੍ਹਬਾ, ਜਸਵੰਤ ਸਿੰਘ ਸਮੂੰਰਾਂ,ਮੇਜ਼ਰ ਸਿੰਘ ਕੌਹਰੀਆਂ, ਗੁਰਪ੍ਰੀਤ ਸਿੰਘ ਛਾਹੜ ਆਦਿ ਕਿਸਾਨ ਆਗੂ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵੱਲੋਂ ਵਿਕਾਸ ਕਾਰਜਾਂ ਦਾ ਜਾਇਜ਼ਾ



ਧੂਰੀ (ਲੋਕ ਬਾਣੀ) ਮੁੱਖ ਮੰਤਰੀ ਦਫ਼ਤਰ ਧੂਰੀ ਦੇ ਇੰਚਾਰਜ ਅਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਸਿਵਲ ਹਸਪਤਾਲ ਧੂਰੀ ਦੇ ਚੱਲ ਰਹੇ ਨਿਰਮਾਣ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਸਿਵਲ ਹਸਪਤਾਲ ਦਾ ਨਿਰਮਾਣ ਹੋ ਰਿਹਾ ਹੈ ਅਤੇ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਬਣਨ ਨਾਲ ਹਲਕੇ ਦੇ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ ਅਤੇ ਧੂਰੀ ਹਲਕੇ ਦੇ ਕਿਸੇ ਵੀ ਮਰੀਜ਼ ਨੂੰ ਇਲਾਜ ਲਈ ਧੂਰੀ ਤੋਂ ਬਾਹਰ ਜਾਣ ਦੀ ਲੋੜ ਨਹੀਂ ਪਵੇਗੀ , ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭੇਜੀਆਂ ਗ੍ਰਾਂਟਾਂ ਨਾਲ ਧੂਰੀ ਹਲਕੇ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਹੋ ਰਹੇ ਅਤੇ ਧੂਰੀ ਹਲਕੇ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ । ਇਸ ਮੌਕੇ ਉਨ੍ਹਾਂ ਨਾਲ ਪੰਕਜ ਮਹਿਰਾ ਜੂਨੀਅਰ ਇੰਜੀਨੀਅਰ ਮੰਡੀ ਬੋਰਡ , ਪ੍ਰੇਮ ਕੁਮਾਰ ਇੰਚਾਰਜ ਲੈਬੋਟਰੀ , ਆਪ ਆਗੂ ਭਿੰਦਾ ਵਿਰਕ , ਬਲਦੇਵ ਬੱਗਾ ਅਤੇ ਰਾਜੂ ਲੱਡਾ ਸਮੇਤ ਹੋਰ ਵੀ ਹਾਜ਼ਰ ਸਨ ।

# ਪਿੰਡ ਜਾਤੀਮਾਜਰਾ ਦੀ ਪੰਚਾਇਤ ਵੱਲੋਂ ਬੱਚੇ ਦੇ ਜਨਮ ਤੇ 10 ਛਾਂਦਾਰ ਬੂਟੇ ਲਗਾਉਣ ਦਾ ਮਤਾ ਪਾਸ

ਧੂਰੀ (ਲੋਕ ਬਾਣੀ))ਅੱਜ ਪਿੰਡ ਜਾਤੀਮਾਜਰਾ ਵਿੱਚ ਪੰਚਾਇਤ ਵੱਲੋਂ ਪਹਿਲੀ ਵੱਡੀ ਗ੍ਰਾਮ ਸਭਾ ਬੁਲਾਈ ਗਈ। ਜਿਸ ਦੀ ਅਗਵਾਈ ਪੰਚਾਇਤ ਸੈਕਟਰੀ ਜਗਦੇਵ ਸਿੰਘ ਅਤੇ ਸਰਪੰਚ ਅਮਨਦੀਪ ਸਿੰਘ ਬੜੈਚ ਅਤੇ ਸਮੂਹ ਪੰਚ ਸਹਿਬਾਨ ਵੱਲੋਂ ਕੀਤੀ ਗਈ। ਨਗਰ ਵਿੱਚ ਪਹਿਲਾਂ ਵੀ ਗ੍ਰਾਮ ਪੰਚਾਇਤ ਦੀ ਮੀਟਿੰਗ ਕੀਤੀ ਜਾਂਦੀ ਸੀ। ਪਰ ਉਹ ਇੱਕ ਖਾਨਾ ਪੂਰਤੀ ਦੇ ਤੌਰ ਤੇ ਸਿਰਫ ਕਾਗਜੀ ਕਾਰਵਾਈ ਕੀਤੀ ਜਾਂਦੀ ਸੀ। ਪਰ ਇਸ ਵਾਰ ਨਵੇਂ ਚੁਣੇ ਗਏ ਸਰਪੰਚ ਅਮਨਦੀਪ ਸਿੰਘ ਬੜੈਚ ਵੱਲੋਂ ਪੂਰੇ ਨਗਰ ਨੂੰ ਇਸ ਗ੍ਰਾਮ ਸਭਾ ਵਿੱਚ ਆਉਣ ਦਾ ਸੱਦਾ ਦਿੱਤਾ ਗਿਆ ਅਤੇ ਪਿੰਡ ਵਾਲਿਆਂ ਨੇ ਵੀ ਪੂਰੇ ਉਤਸਾਹ ਦੇ ਨਾਲ ਭਾਰੀ ਗਿਣਤੀ ਦੇ ਨਾਲ ਗ੍ਰਾਮ ਸਭਾ ਦੀ ਇਸ ਪਹਿਲੀ ਮੀਟਿੰਗ ਵਿੱਚ ਸ਼ਿਰਕਤ ਕੀਤਾ। ਇਸ ਮੀਟਿੰਗ ਵਿੱਚ ਬਹੁਤ ਸਾਰੇ ਮੁੱਦਿਆਂ ਤੇ ਗੱਲਬਾਤ ਹੋਈ। ਪੰਚਾਇਤ ਸੈਕਟਰੀ ਜਗਦੇਵ ਸਿੰਘ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਗ੍ਰਾਮ ਸਭਾ ਕੀ ਹੁੰਦੀ ਹੈ। ਇਸ ਬਾਰੇ ਦੱਸਿਆ ਅਤੇ ਇਹ ਦੱਸਿਆ ਕਿ ਗ੍ਰਾਮ ਸਭਾ ਬੁਲਾਉਣੀ ਕਿਉਂ ਜਰੂਰੀ ਹੈ । ਉਸ ਤੋਂ ਬਾਅਦ ਸਰਪੰਚ ਅਮਨਦੀਪ ਸਿੰਘ ਬੜੈਚ ਨੇ ਸਭਾ ਨੂੰ ਸੰਬੋਧਨ ਕਰਦੇ ਹੋਏ ਪਿੰਡ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ ਅਤੇ ਜੋ ਭਗਵੰਤ ਮਾਨ ਸਰਕਾਰ ਵੱਲੋਂ ਪਿੰਡ ਨੂੰ ਗਰਾਂਟਾਂ ਆਈਆਂ ਹਨ। ਉਹਨਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਹ ਗਰਾਂਟਾਂ ਦਾ ਪੈਸਾ ਕਿੱਥੇ ਕਿੱਥੇ ਅਤੇ ਕਿਸ ਤਰੀਕੇ ਦੇ ਨਾਲ ਲਾਇਆ ਜਾਵੇਗਾ। ਇਸ ਬਾਰੇ ਪਿੰਡ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਆਉਣ ਵਾਲੇ ਵਿੱਤੀ ਵਰ੍ਹੇ ਵਿੱਚ ਕੀ ਕੀ ਕੰਮ ਕਰਨੇ ਹਨ। ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਰਕਾਰ ਨੂੰ ਆਪਣੀਆਂ ਮੰਗਾਂ ਲਿਖਾਈਆਂ ਗਈਆਂ। ਇਸ ਸਭਾ ਵਿੱਚ ਜਿੱਥੇ ਕੀ ਕਈ ਵਿਸ਼ਿਆਂ ਤੇ ਗੱਲਬਾਤ ਹੋਈ। ਉੱਥੇ ਹੀ ਸਭਾ ਵਿੱਚ ਬਹੁਤ ਸਾਰੇ ਮਤੇ ਪਾਸ ਕੀਤੇ ਗਏ। ਜਿਹਨਾਂ ਵਿੱਚ ਕੁਝ ਵਿਲੱਖਣ ਮਤੇ ਪਾਸ ਕੀਤੇ ਗਏ। ਜਿਵੇਂ ਕਿ ਪਿੰਡ ਵਿੱਚ ਇਹ ਮਤਾ ਪਾਇਆ ਗਿਆ ਕਿ ਜੇਕਰ ਕਿਸੇ ਦਾ ਕੋਈ ਪਿੰਡ ਵਿੱਚ ਹੀ ਲੜਾਈ ਝਗੜਾ ਹੁੰਦਾ ਹੈ ਅਤੇ ਉਹ ਪਰਿਵਾਰ ਜਾਂ ਵਿਅਕਤੀ ਪੰਚਾਇਤ ਨੂੰ ਇਤਲਾਹ ਕੀਤੇ ਬਿਨਾਂ ਜਾਂ ਪੰਚਾਇਤ ਵੱਲੋਂ ਕੀਤੇ ਫੈਸਲੇ ਦੇ ਉਲਟ ਥਾਣੇ, ਕਚਹਿਰੀ ਚਲਾ ਜਾਂਦਾ ਹੈ ਤਾਂ ਪੰਚਾਇਤ ਉਸਦਾ ਸਾਥ ਨਹੀਂ ਦੇਵੇਗੀ। ਪਿੰਡ ਵਿੱਚ ਫੇਰੀ ਵਾਲਿਆ ਵੱਲੋਂ ਚਲਾਏ ਜਾਂਦੇ ਲਾਊਡ ਸਪੀਕਰਾਂ ਉਪਰ ਪੂਰਨ ਤੌਰ ਤੇ ਪਾਬੰਦੀ ਲਗਾਈ ਗਈ। ਪਿੰਡ ਵਾਲਿਆ ਦੀ ਸਹਿਮਤੀ ਦੇ ਨਾਲ ਮਹੰਤਾ (ਹਿਜੜਿਆਂ) ਦਾ ਸ਼ਗਨ ਬੰਨਿਆ ਗਿਆ।



ਵਾਤਾਵਰਨ ਨੂੰ ਬਚਾਉਣ ਲਈ ਇੱਕ ਮਤਾ ਹੋਰ ਬਹੁਤ ਵੱਡਾ ਪਾਇਆ ਗਿਆ। ਜਿਸ ਦੀ ਅੱਜ ਦੇ ਸਮੇਂ ਬਹੁਤ ਜ਼ਰੂਰਤ ਹੈ। ਸਰਪੰਚ ਅਮਨਦੀਪ ਸਿੰਘ ਬੜੈਚ ਨੇ ਬੋਲ ਦੱਸਿਆ ਕਿ ਅੱਜ ਤੋਂ ਬਾਅਦ ਪਿੰਡ ਵਿੱਚ ਕੋਈ ਵੀ ਬੱਚਾ ਜਨਮ ਲੈਂਦਾ ਹੈ ਚਾਹੇ ਉਹ ਲੜਕਾ ਜਾਂ ਲੜਕੀ ਹੋਵੇ ਉਸ ਦੇ ਜਨਮ ਦੀ ਖੁਸ਼ੀ ਵਿੱਚ ਬੱਚੇ ਦੇ ਪਰਿਵਾਰ ਵੱਲੋਂ 10 ਛਾਂਦਾਰ ਜਾਂ ਫਲਦਾਰ ਬੂਟੇ ਲਾਏ ਜਾਣਗੇ। ਇਹਨਾਂ ਮਤਿਆਂ ਨੂੰ ਸਮੂਹ ਨਗਰ ਨਿਵਾਸੀਆਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਜਿਸ ਦੀ ਸਲਾਹਗਾ ਪੂਰੇ ਪਿੰਡ ਵਿਚ ਅਤੇ ਆਲੇ ਦੁਆਲੇ ਦੇ ਸਾਰੇ ਪਿੰਡਾਂ ਵਿੱਚ ਹੋ ਰਹੀ ਹੈ। ਇਸ ਮੀਟਿੰਗ ਵਿੱਚ ਮੌਜੂਦ ਪੰਚ ਮਨਜੀਤ ਸਿੰਘ, ਪੰਚ ਕਰਮਜੀਤ ਸਿੰਘ, ਪੰਚ ਅਮਨਦੀਪ ਕੌਰ ,ਪੰਚ ਬਲਵੀਰ ਸ਼ਾਹ, ਪੰਚ ਬਸ਼ੀਰ ਮੁਹੰਮਦ ਅਤੇ ਪਿੰਡ ਦੇ ਮੋਤਵਰ ਵਿਅਕਤੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# ਨਿਰੰਤਰ ਕੀਤਾ ਜਾਂਦਾ ਯੋਗਾ ਅਭਿਆਸ ਚਿੰਤਾ ਘਟਾਉਂਦਾ ਹੈ ਅਤੇ ਸ਼ਰੀਰ ਵਿੱਚ ਲਚਕਤਾ ਵਧਾਉਂਦਾ ਹੈ-ਐਸ.ਡੀ.ਐਮ. ਡੇਰਾਬੱਸੀ ਅਮਿਤ ਗੁਪਤਾ

ਡੇਰਾਬੱਸੀ, (ਲੋਕ ਬਾਣੀ)
ਐਸ.ਡੀ.ਐਮ, ਡੇਰਾਬੱਸੀ, ਅਮਿਤ ਗੁਪਤਾ ਨੇ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਅਧੀਨ ਲੱਗਦੀਆਂ ਵੱਖ-ਵੱਖ ਯੋਗਸ਼ਾਲਾਵਾਂ ਸ਼ਹਿਰ ਵਾਸੀਆਂ ਲਈ ਭਰਪੂਰ ਲਾਹੇਵੰਦ ਸਿੱਧ ਹੋ ਰਹੀਆਂ ਹਨ। ਸੂਬਾ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਤੰਦਰੁਸਤ ਸਿਹਤ ਦੇਣ ਦੇ ਮਿਸ਼ਨ ਤਹਿਤ ਸ਼ੁਰੂ ਕੀਤੀ ਸੀ ਐੱਮ ਦੀ ਯੋਗਸ਼ਾਲਾ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਯੋਗਾ ਅਭਿਆਸ ਨਾਲ ਮਨੁੱਖ ਚਿੰਤਾ ਮੁਕਤ ਹੁੰਦਾ ਹੈ ਅਤੇ ਇਸ ਨਾਲ ਸਰੀਰ ਵਿੱਚ ਲਚਕਤਾ ਵੀ ਵਧਦੀ ਹੈ।

ਉਨ੍ਹਾਂ ਨੇ ਦੱਸਿਆ ਕਿ ਯੋਗਾ ਟ੍ਰੇਨਰ ਬਬਿਤਾ ਰਾਣੀ ਵੱਲੋਂ ਡੇਰਾਬੱਸੀ ਵਿਖੇ ਰੋਜ਼ਾਨਾ 6 ਯੋਗਾ ਕਲਾਸਾਂ ਲਗਾਈਆ ਜਾ ਰਹੀਆਂ ਹਨ। ਉਨ੍ਹਾਂ ਵੱਲੋਂ ਪਹਿਲੀ ਕਲਾਸ ਗਿੱਲ ਕਾਲੋਨੀ ਵਿਖੇ ਸਵੇਰੇ 5.20 ਤੋਂ 6.20 ਵਜੇ ਤੱਕ, ਦੂਜੀ ਕਲਾਸ ਸ਼ਕਤੀ ਨਗਰ ਪਾਰਕ ਵਿਖੇ ਸਵੇਰੇ 6.30 ਤੋਂ 7.30 ਵਜੇ ਤੱਕ, ਤੀਜੀ ਕਲਾਸ ਅਨਾਜ ਮੰਡੀ ਗੁਰੂ ਅੰਗਦ ਦੇਵ ਜੀ ਗੁਰਦੁਆਰਾ ਵਿਖੇ ਸਵੇਰੇ 10.00 ਤੋਂ 11.00 ਵਜੇ ਤੱਕ, ਚੌਥੀ ਕਲਾਸ ਰਵੀਦਾਸ ਭਵਨ ਵਿਖੇ ਸਵੇਰੇ 11.05 ਤੋਂ 12.05 ਵਜੇ ਤੱਕ, ਪੰਜਵੀਂ ਕਲਾਸ ਫੋਰੈਸਟ ਪਾਰਕ ਵਿਖੇ ਦੁਪਿਹਰ 3.50 ਤੋਂ 4.50 ਵਜੇ ਤੱਕ ਛੇਵੀਂ ਅਤੇ ਆਖਰੀ ਕਲਾਸ ਜੈਨ ਸਥਾਨਕ ਵਿਖੇ ਸ਼ਾਮ 4.00 ਵਜੇ ਤੋਂ 5.00 ਵਜੇ ਤੱਕ ਲਾਈ ਜਾਂਦੀ ਹੈ।

ਯੋਗਾ ਟ੍ਰੇਨਰ ਬਬਿਤਾ ਰਾਣੀ ਦਾ ਕਹਿਣਾ ਹੈ ਕਿ ਯੋਗਾ ਅਭਿਆਸ ਦੇ ਮਨੁੱਖੀ ਸਰੀਰ ਨੂੰ ਬਹੁਤ ਫਾਇਦੇ ਹਨ। ਲਗਾਤਾਰ ਯੋਗਾ ਅਭਿਆਸ ਮਨੁੱਖ ਦੀ ਨੀਂਦ ਨੂੰ ਬਿਹਤਰ ਬਣਾਉਂਦਾ ਹੈ। ਇਸ ਦੇ ਲਗਾਤਾਰ ਅਭਿਆਸ ਕਰਨ ਨਾਲ ਨਾ ਸਿਰਫ਼ ਚੰਗੀ ਨੀਂਦ ਮਿਲਦੀ ਹੈ ਬਲਕਿ ਯੋਗਾ ਕਰਨ ਨਾਲ ਆਤਮ ਵਿਸ਼ਵਾਸ ਵੀ ਵਧਦਾ ਹੈ ਅਤੇ ਮਾਸ਼ਪੇਸ਼ੀਆਂ ਵਿੱਚ ਵਧੇਰੇ ਲਚਕਤਾ ਆਉਂਦੀ ਹੈ। ਇਸ ਲਈ ਲਗਾਤਾਰ ਯੋਗਾ ਅਭਿਆਸ ਕਰਨਾ ਸਰੀਰ ਲਈ ਹਰ ਤਰ੍ਹਾਂ ਲਾਹੇਵੰਦ ਹੁੰਦਾ ਹੈ। ਉਨ੍ਹਾਂ ਨੇ ਦੱਸਿਆ ਕਿ ਉਸਦੀਆਂ ਰੋਜ਼ਾਨਾ ਲੱਗਣ ਵਾਲੀਆ ਯੋਗਾ ਕਲਾਸਾਂ ਵਿੱਚ ਲੋਕ ਰੋਗ ਮੁਕਤੀ ਦੇ ਨਾਲ ਨਾਲ ਖੁਸ਼ਹਾਲ ਜੀਵਨ ਵੀ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਯੋਗਾ ਕਲਾਸ ਲਈ ਕੋਈ



ਫ਼ੀਸ ਨਹੀਂ ਵਸੂਲੀ ਜਾਂਦੀ ਅਤੇ ਕੋਈ ਵੀ ਵਿਅਕਤੀ ਇਸ ਲਈ ਸੀ ਐਮ ਦੀ ਯੋਗਸ਼ਾਲਾ ਪੋਰਟਲ 'ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਵੈਬਸਾਈਟ cmdiyogshala.punjab.gov.in ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 ਵੀ ਹੈ, ਜਿਸ ਤੇ ਸੰਪਰਕ ਕਰਕੇ ਉਹ ਲੋਕ ਜਿਨ੍ਹਾਂ ਨੇ ਅਜੇ ਸ਼ਾਮਲ ਹੋਣਾ ਹੈ, ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਰਾਮ ਤੀਰਥ ਚੌਂਕ ਵਿਖੇ ਸਿੱਧੂਪੁਰ ਯੂਨੀਅਨ ਲਗਾਇਆ ਧਰਨਾ



ਅੰਮ੍ਰਿਤਸਰ (ਲੋਕ ਬਾਣੀ) ਕਿਸਾਨ ਯੂਨੀਅਨ ਸਿੱਧੂਪੁਰ ਕੌਮੀ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਰਾਮ ਤੀਰਥ ਚੌਂਕ ਵਿਖੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ ਧਰਨੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸ਼ਵਿੰਦਰ ਸਿੰਘ ਕਲੇਰ ਬਲਾਕ ਚੁਗਾਵਾਂ ਜਰਨਲ ਸਕੱਤਰ ਰੇਸ਼ਮ ਸਿੰਘ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਕਿਸਾਨਾਂ ਦੀਆਂ ਵਿਸ਼ੇਸ਼ ਮੰਗਾਂ ਨੂੰ ਲਾਗੂ ਕਰਨ ਵਿੱਚ ਪਾਸਾ ਵੱਟਦੀ ਨਜ਼ਰ ਆ ਰਹੀ ਹੈ ਉੱਥੇ ਤੌਰ ਤੇ ਕਾਰਪੋਰੇਟ ਘਰਾਣਿਆਂ ਨੂੰ ਹੋਰ ਅਮੀਰ ਕੀਤਾ ਜਾ ਰਿਹਾ ਹੈ ਉਸ ਦਾ ਅੱਜ ਪੰਜਾਬ ਬੰਦ ਦੇ ਸੱਦੇ ਤੇ ਪੂਰਨ ਰੂਪ ਵਿੱਚ ਵਿਰੋਧ ਕੀਤਾ ਜਾ ਰਿਹਾ ਹੈ ਇਸ ਮੌਕੇ ਗੁਰਜੰਟ ਸਿੰਘ ਲਵਪ੍ਰੀਤ ਸਿੰਘ ਅਵਤਾਰ ਸਿੰਘ ਕਲੇਰ ਸਿੰਘ ਹਰਮਨ ਸਿੰਘ ਮਾਨਾ ਵਾਲਾ ਸੰਤੋਖ ਸਿੰਘ ਕਲੇਰ ਜਸਵੰਤ ਸਿੰਘ ਕਲੇਰ ਹਰਦੇਵ ਸਿੰਘ ਹਰਦੇਵ ਸਿੰਘ ਸੁਖਵਿੰਦਰ ਸਿੰਘ ਲਖਵਿੰਦਰ ਸਿੰਘ ਮੇਜਰ ਸਿੰਘ ਨਿਰਮਲ ਸਿੰਘ ਨਿਰਮਲ ਸਿੰਘ ਸਤਨਾਮ ਸਿੰਘ ਕੋਟਲਾ ਸਤਨਾਮ ਸਿੰਘ ਸੋਹਨ ਸਿੰਘ ਕਸ਼ਮੀਰ ਸਿੰਘ ਬਾਪੂ ਭੋਲਾ ਸਿੰਘ ਬਾਬਾ ਪ੍ਰਗਟ ਸਿੰਘ ਡਾਕਟਰ ਗੁਲਸ਼ਨ ਸਿੰਘ ਰਾਜਵਿੰਦਰ ਕੌਰ ਰਾਣਾ ਫੌਜੀ ਪ੍ਰਭਜੀਤ ਕੌਰ ਮਨਜੀਤ ਕੌਰ ਸਮੇਤ ਸੈਂਕੜੇ ਕਿਸਾਨ ਆਗੂ ਹਾਜ਼ਰ ਸਨ

# ਵਾਲਮੀਕ ਤੀਰਥ ਲੰਗਰ ਲਗਾਉਣ ਸਮੇਂ ਕੀਤੀ ਪੂਜਾ ਅਰਚਨਾ



ਅੰਮ੍ਰਿਤਸਰ (ਲੋਕ ਬਾਣੀ) ਪਾਵਨ ਵਾਲਮੀਕ ਤੀਰਥ ਵਿਖੇ ਤੀਸਰਾ ਭੰਡਾਰਾ ਨਵੇਂ ਸਾਲ ਮੌਕੇ ਲਗਾਇਆ ਜਾਵੇਗਾ ਲੰਗਰ ਲਗਾਉਣ ਸਮੇਂ ਪੂਜਾ ਅਰਚਨਾ ਕਰਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਲੰਗਰ ਕਮੇਟੀ ਆਈਫਾ ਅੰਬਾਲਾ ਦੇ ਮੁੱਖ ਸੰਚਾਲਕ ਅਭਿਸ਼ੇਕ ਮੌਂਟੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਵਿਸ਼ੇਸ਼ ਤਰ੍ਹਾਂ ਦੇ ਪਕਵਾਨ ਦਾ ਲੰਗਰ 30 ਦਸੰਬਰ ਤੋਂ ਇਕ ਜਨਵਰੀ ਤੱਕ ਲਗਾਇਆ ਜਾਂ ਰਿਹਾ ਹੈ ਜਿਸ ਵਿੱਚ ਅੰਬਾਲਾ ਸ਼ਹਿਰ ਦੇ ਸਮੁੱਚੇ ਸੇਵਾਦਾਰ ਰਲ ਮਿਲ ਕੇ ਸੰਗਤਾਂ ਦੀ ਸੇਵਾ ਕਰਦੇ ਹਨ ਇਸ ਮੌਕੇ ਉਪ ਪ੍ਰਧਾਨ ਸੋਮਾ ਤੇ ਸੈਕਟਰੀ ਹਿਮਾਸ਼ੂ ਚਨਾਲੀਆ ਰੋਹਿਤ ਵਿਸ਼ਾਲ ਆਦੀ ਸਰਪਰਸਤ ਕੁਮਾਰ ਦਰਸ਼ਨ ਸ਼ਸ਼ੀ ਗਿੱਲ ਅਮਨ ਕਪੂਰ ਧਰਮਿੰਦਰ ਸਹੋਤਾ ਹਾਜ਼ਰ ਸਨ

# ਪੀਰਖਾਨਾ ਗਰੀਨ ਸਿਟੀ ਧੂਰੀ ਵਿਖੇ ਸਲਾਨਾ ਭੰਡਾਰਾ ਅਤੇ ਦੀਵਾਨ 31 ਦਸੰਬਰ ਨੂੰ - ਬਾਬਾ ਵਿਜੈ ਗੋਇਲ



ਧੂਰੀ (ਲੋਕ ਬਾਣੀ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀਰਾਂ ਦਾ ਦੀਵਾਨ ਅਤੇ ਭੰਡਾਰਾ 31 ਦਸੰਬਰ ਨੂੰ ਅੱਗਰਵਾਲ ਪੀਰਖਾਨਾ ਗਰੀਨ ਸਿਟੀ ਧੂਰੀ ਵਿਖੇ ਬੜੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਟਰੱਸਟ ਦੇ ਮੁੱਖ ਸੇਵਾਦਾਰ ਬਾਬਾ ਵਿਜੈ ਗੋਇਲ ਜੀ ਨੇ ਦੱਸਿਆ ਕਿ 31 ਦਸੰਬਰ ਨੂੰ ਸ਼ਾਮ ਨੂੰ 6 ਵਜੇ ਤੋਂ ਦੇਰ ਰਾਤ ਤੱਕ ਪੀਰਾਂ ਦੀਆਂ ਮੰਡਲੀਆਂ ਬਾਬਾ ਜੀ ਦਾ ਗੁਣਗਾਨ ਕਰਨਗੀਆਂ।

ਬਾਬਾ ਵਿਜੈ ਗੋਇਲ ਜੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਗਰਵਾਲ ਪੀਰਖਾਨਾ ਟਰੱਸਟ ਵੱਲੋਂ ਗਰੀਬ ਪਰਿਵਾਰਾਂ ਦੀਆਂ ਲੋੜਵੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ, ਅੰਗਹੀਣਾਂ ਲਈ ਟਰਾਈਸਾਈਕਲ, ਲੇਡੀਜ਼ ਸੂਟ ਇਸ ਤੋਂ ਇਲਾਵਾ ਘਰੇਲੂ ਜਰੂਰਤ ਦਾ ਸਮਾਨ ਸਾਬਣ, ਚਾਹ ਪੱਤੀ, ਦਾਲਾਂ, ਚੀਨੀ, ਆਟਾ ਅਤੇ ਬੱਚਿਆਂ ਨੂੰ ਖਿਡੌਣੇ ਆਦਿ ਮੁਫਤ ਵੰਡੇ ਜਾਣਗੇ।

ਬਾਬਾ ਵਿਜੈ ਗੋਇਲ ਜੀ ਨੇ ਸਮੂਹ ਇਲਾਕੇ ਦੀ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ 31 ਦਸੰਬਰ ਨੂੰ ਪਰਿਵਾਰਾਂ ਸਮੇਤ ਇਸ ਸਮਾਗਮ ਵਿੱਚ ਪਹੁੰਚ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਬਾਬਾ ਜੀ ਨੇ ਕਿਹਾ ਕਿ ਸਮਾਗਮ ਵਿੱਚ ਆਉਣ ਵਾਲੀ ਸੰਗਤ ਲਈ ਵੱਖ ਵੱਖ ਪਕਵਾਨਾਂ ਦੇ ਭੰਡਾਰੇ ਅਤੁੱਟ ਵਰਤਾਏ ਜਾਣਗੇ। ਇਸ ਮੌਕੇ ਬਾਬਾ ਵਿਜੈ ਗੋਇਲ ਜੀ ਤੋਂ ਇਲਾਵਾ ਅੱਗਰਵਾਲ ਪੀਰਖਾਨਾ ਟਰੱਸਟ ਦੇ ਸਮੂਹ ਸੇਵਾਦਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਵਿਧਿਆ ਮੰਦਰ ਵਿਖੇ ਦਾਨ ਉਤਸਵ ਦਾ ਆਯੋਜਨ



ਅੰਮ੍ਰਿਤਸਰ (ਲੋਕ ਬਾਣੀ) ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ 465 ਵਿਦਿਅਰਥੀਆ ਨੂੰ ਗਰਮ ਜੁਰਾਬਾਂ, ਗਰਮ ਕਪੜੇ, ਕਾਪੀਆਂ, ਕਿਤਾਬਾਂ, ਸਟੇਸ਼ਨਰੀ, ਮਿਠਾਈ, ਫਲ ਆਦਿ ਵੰਡੇ ਗਏ ਜਿਸ ਨਾਲ ਬੱਚਿਆਂ ਦੇ ਚਿਹਰੇ ਖੁਸ਼ੀ ਨਾਲ ਖਿਲ ਗਏ। ਦਾਨ ਉਤਸਵ ਦਾ ਆਯੋਜਨ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ, ਸਕੂਲ ਸੰਸਥਾਪਕ ਸ. ਅਜੀਤ ਸਿੰਘ, ਮੁੱਖ ਅਧਿਆਪਿਕਾ ਸੀਮਾ ਅਰੋੜਾ ਦੀ ਅਗਵਾਈ ਹੇਠ ਮਕਬੂਲਪੁਰਾ ਮੌਜੂਦ ਸੀਨੀਅਰ ਫੋਰਮ ਵਿਧਿਆ ਮੰਦਰ ਵਿਖੇ ਕੀਤਾ ਗਿਆ। ਦਾਨ ਉਤਸਵ ਵਿੱਚ ਹੋਲੀ ਹਾਰਟ ਸਕੂਲ ਦੀ ਡਾਇਰੈਕਟਰ ਸ਼੍ਰੀਮਤੀ ਅੰਜਨਾ ਸੇਠ ਅਤੇ ਸ਼ਿਲਪਾ ਸੇਠ ਨੇ ਕਿਤਾਬਾਂ ਅਤੇ ਕਾਪੀਆਂ ਪ੍ਰਦਾਨ ਕੀਤੀਆਂ। ਪਰੋਪਕਾਰ ਸਮਿਤੀ ਦੇ ਸੰਸਥਾਪਕ ਸਮਾਜ ਸੇਵੀ ਸ਼੍ਰੀ ਅਸ਼ਵਨੀ ਸੋਨੀ, ਪਰੋਪਕਾਰ ਸਮਿਤੀ ਦੇ ਅਧਿਅਕਸ਼ ਸ਼੍ਰੀਮਤੀ ਮਨੀਸ਼ਾ ਸੋਨੀ ਅਰੋੜਾ, ਯੂ.ਪੀ. ਕਲਿਯਾਨ ਪਰਿਸ਼ਦ ਦੇ ਮਹਾਸਚਿਵ ਰਾਮ ਭਵਨ ਗੋਸਵਾਮੀ, ਰਾਸ਼ਟਰੀ ਗਾਯਕ ਗੁਰਪ੍ਰੀਤ ਸਿੰਘ ਅਤੇ ਸਮਾਜ ਸੇਵੀਕਾ ਡਾਲੀ ਭਾਟਿਆ ਦੇ ਯੋਗਦਾਨ ਨਾਲ ਦਾਨ ਉਤਸਵ ਪ੍ਰੋਗਰਾਮ ਸਫਲ ਰਿਹਾ ਗੁਰਪ੍ਰੀਤ ਸਿੰਘ ਦੇ ਮਨਮੋਹਕ ਗੀਤ ਸੁਣ ਕੇ ਬੱਚੇ ਝੂਮਨ ਅਤੇ ਨੱਚਣ ਲਗੇ। ਕੁਲਦੀਪ ਕੌਰ ਨੇ ਵੀ ਆਪਣੇ ਗੀਤਾ ਨਾਲ ਰੋਣਕ ਲਗਾਈ ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਦੁਖੀਆਂ ਦੀ ਝੋਲੀ ਨੂੰ ਖੁਸ਼ੀਆਂ ਨਾਲ ਭਰਨਾ ਹੀ ਚੰਗਾ ਜੀਵਨ ਹੈ। ਇਹ ਬੱਚੇ ਸਾਡੇ ਦੇਸ਼ ਦਾ ਭੱਵਿਖ ਹਨ। ਬੱਚਿਆਂ ਨੂੰ ਨੈਤਿਕ, ਸਮਾਜਿਕ ਅਤੇ ਮਨੁੱਖੀ ਮੁੱਲਾਂ ਨਾਲ ਜਾਣੂ ਕਾਰਵਾਉਣਾ ਜਰੂਰੀ ਹੈ। ਸ. ਅਜੀਤ ਸਿੰਘ ਨੇ ਕਿਹਾ ਕਿ ਇਹ ਬੱਚੇ ਸਾਡੀ ਅਮਾਨਤ ਹਨ ਜਿਨਾਂ ਦੇ ਜੀਵਨ ਨੂੰ ਸਵਾਰਨਾਂ ਸਾਡੀ ਜਿਮੇਦਾਰੀ ਹੈ।ਵਿਧਿਆਰਥੀ ਜੀਵਨ ਸਕਾਰਾਤਮਕ ਅਤੇ ਉਤਸਾਹਵਾਨ ਹੋਣਾ ਜਰੂਰੀ ਹੈ ਇਸ ਮੌਕੇ ਮਨੀਸ਼ਾ ਸੋਨੀ ਅਰੋੜਾ, ਡਾਲੀ ਭਾਟਿਆ, ਰਾਮਭਵਨ ਗੋਸਵਾਮੀ ਨੇ ਸਕੂਲ ਦੀ ਗਤਿਵਿਧੀਆਂ ਦੀ ਤਾਰੀਫ ਕੀਤੀ। ਇੰਦਰਜੀਤ, ਰੀਚਾ, ਦਵਿੰਦਰ, ਸਰਬਜੀਤ, ਮਨਪ੍ਰੀਤ, ਗੀਤਿਕਾ, ਕੋਮਲਪ੍ਰੀਤ, ਪ੍ਰਭਜੀਤ, ਜੋਤੀ, ਅਮਰਪ੍ਰੀਤ, ਸੰਦੀਪ, ਗੋਰੀ, ਅਮਨਦੀਪ, ਚਰਨਜੀਤ ਅਤੇ ਰਾਣੀ ਨੇ ਬੱਚਿਆਂ ਦੀ ਮਦਦ ਕਰਨ ਦਾ ਸੰਕਲਪ ਲਿਆ।

# ਨਵੇਂ ਸਾਲ 2025 'ਚ ਬੁਰਾਈਆਂ ਦਾ ਤਿਆਗ ਅਤੇ ਜਿੰਮੇਵਾਰ ਨਾਗਰਿਕ ਬਣਨ ਦਾ ਪ੍ਰਣ ਲਵੇ ਨੌਜਵਾਨ ਪੀੜ੍ਹੀ - ਆਗੂ



ਫਗਵਾੜਾ ( ਸੁਸ਼ੀਲ ਸ਼ਰਮਾ ) ਨਵੇਂ ਸਾਲ ਦੀ ਆਮਦ ਮੌਕੇ ਬੁੱਧੀਜੀਵੀ ਵਰਗ ਨੇ ਨੌਜਵਾਨ ਪੀੜ੍ਹੀ ਨੂੰ ਬੁਰਾਈਆਂ ਦਾ ਤਿਆਗ ਕਰਨ ਅਤੇ ਜਿੰਮੇਵਾਰ ਨਾਗਰਿਕ ਬਣਨ ਦੀ ਅਪੀਲ ਕੀਤੀ ਹੈ। ਅੱਜ ਇੱਥੇ ਗੱਲਬਾਤ ਦੌਰਾਨ ਸਾਂਈ ਕਰਨੈਲ ਸ਼ਾਹ ਗੱਦੀ ਨਸ਼ੀਨ ਦਰਬਾਰ ਧੰਨ-ਧੰਨ ਨੂਰ-ਏ-ਖੁਦਾ ਸਾਂਈ ਮੰਗੂ ਸ਼ਾਹ ਪਿੰਡ ਸਾਹਨੀ, ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਲੱਖਪੁਰ, ਸੀਨੀਅਰ ਕਿਸਾਨ ਆਗੂ ਹਰਵਿੰਦਰ ਸਿੰਘ ਮਾਨਾਂਵਾਲੀ, ਮਲਕੀਤ ਚੰਦ ਕੰਗ ਪੰਚਾਇਤ ਸਕੱਤਰ ਬੀ.ਡੀ.ਪੀ.ਓ. ਦਫਤਰ ਫਗਵਾੜਾ ਅਤੇ ਸਮਾਜ ਸੇਵਕ ਕਸ਼ਮੀਰ ਸਿੰਘ ਲੱਡੂ ਖਲਵਾੜਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਦੀ ਆਮਦ ਤੇ ਸ਼ੁੱਭ ਇਛਾਵਾਂ ਦਿੰਦਿਆ ਸਮੁੱਚੀ ਮਨੁੱਖਤਾ ਦੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਉਹਨਾਂ ਨੇ ਨੌਜਵਾਨ ਪੀੜ੍ਹੀ ਨੂੰ ਸੇਧ ਦਿੰਦਿਆਂ ਕਿਹਾ ਕਿ ਨਸ਼ਿਆਂ ਦਾ ਪੂਰੀ ਤਰ੍ਹਾਂ ਤਿਆਗ ਕੀਤਾ ਜਾਵੇ ਅਤੇ ਭਾਰਤੀ ਸੰਵਿਧਾਨ ਵਿਚ ਮਿਲੇ ਅਧਿਕਾਰਾਂ ਦੇ ਨਾਲ ਹੀ ਫਰਜ਼ਾਂ ਨੂੰ ਵੀ ਤਨਦੇਹੀ ਨਾਲ ਨਿਭਾਇਆ ਜਾਵੇ। ਉਹਨਾਂ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆ ਦੀ ਤਿਆਰੀ ਦਿਲ ਲਗਾ ਕੇ ਕਰਨ ਅਤੇ ਨਾਲ ਹੀ ਮੋਬਾਇਲ ਫੋਨਾਂ ਦੀ ਬਜਾਏ ਮੈਦਾਨੀ ਖੇਡਾਂ ਵਿਚ ਦਿਲਚਸਪੀ ਲੈਣ ਦੀ ਅਪੀਲ ਕੀਤੀ

# ਚੇਅਰਮੈਨ ਜਸਪ੍ਰੀਤ ਸਿੰਘ ਵਲੋ ਸਾਈਨ ਬੋਰਡ ਲਗਵਾਉਣ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ




ਅੰਮ੍ਰਿਤਸਰ(ਲੋਕ ਬਾਣੀ) ਆਮ ਆਦਮੀ ਪਾਰਟੀ ਵੱਲੋਂ ਮਿਲੀ ਜ਼ਿੰਮੇਵਾਰੀ ਅਤੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਹਿਰ ਦੇ ਵੱਖ ਵਾਰਡਾਂ ਦੇ ਵਿਚ ਸਾਈਨ ਬੋਰਡ ਲਗਾਉਣ ਦਾ ਕੰਮ ਐੱਮ ਐੱਲ ਏ ਹਲਕਾ ਦੱਖਣੀ ,ਹਲਕਾ ਕੇਂਦਰੀ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਪ੍ਰੀਤ ਸਿੰਘ ਦੇ ਸਹਿਯੋਗ ਸਦਕਾ ਸ਼ੁਰੂਆਤ ਕੀਤੀ ਗਈ ਜਿਸ ਦੌਰਾਨ ਹਲਕਾ ਦੱਖਣੀ ਅਤੇ ਹਲਕਾ ਕੇਂਦਰੀ ਦੀਆਂ ਵਾਰਡ ਨੰਬਰ 59, ਵਾਰਡ ਨੰਬਰ 54, ਵਾਰਡ ਨੰਬਰ 44 ਅਤੇ ਵਾਰਡ ਨੰਬਰ 45 ਵਿਚ ਸਾਇਨਾ ਬੋਰਡ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਇਸ ਮੌਕੇ ਅਸ਼ੋਕ ਕੁਮਾਰ ਕੌਂਸਲਰ ਵਾਰਡ ਨੰਬਰ 36ਤੋ ਹਰਜੀਤ ਸਿੰਘ ਕਲਕੱਤਾ,ਵਾਰਡ ਨੰਬਰ 59 ਤੋਂ ਮਨਦੀਪ ਸਿੰਘ ਮੌਂਗਾ ਅਤੇ ਉਨ੍ਹਾਂ ਦੀ ਟੀਮ,ਵਾਰਡ ਨੰਬਰ 54ਤੋ ਰੋਬਿਨ ਜੋਸ਼ੀ ਅਤੇ ਉਨ੍ਹਾਂ ਦੀ ਟੀਮ ਵਾਰਡ ਨੰਬਰ 44 ਤੋਂ ਰਵੀਸ਼ੇਰ ਸਿੰਘ ਸ਼ੇਰਾ,ਵਾਰਡ ਨੰਬਰ 45ਤੋ ਸੰਦੀਪ ਸ਼ਰਮਾ ,ਸੰਧੂ ਸਾਬ, ਸਤਨਾਮ ਸਿੰਘ ਯੂਥ ਆਗੂ,ਜੈ ਦੀਪ ਸਿੰਘ, ਭੁਪਿੰਦਰ ਸਿੰਘ ਰਾਜੂ ਪ੍ਰਧਾਨ ਜੀ ਸੀਨੀਅਰ ਆਗੂ, ਭੁੱਲਰ ਬ੍ਰਦਰਜ਼, ਮੋਨਿਕਾ ਜੀ, ਅਤੇ ਹੋਰ ਵਲੰਟੀਅਰ ਸਾਥੀ ਤੇ ਇਲਾਕਾ ਨਿਵਾਸੀ ਹਾਜਰ ਸਨ।

# ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ- ਹੋਰ ਜੱਥੇਬੰਦੀਆਂ ਨੇ ਵੀ ਦਿੱਤਾ ਸਹਿਯੋਗ



ਮੋਹਾਲੀ ,(ਲੋਕ ਬਾਣੀ) ਪੰਜਾਬ ਬੰਦ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਮੋਗਾ ਜ਼ਿਲ੍ਹੇ ਵਿੱਚ ਪੈਂਦੇ ਸ਼ਹਿਰ ਬਾਘਾਪੁਰਾਣਾ ਦੇ ਚੌਂਕ ਵਿੱਚ ਕਿਸਾਨਾਂ ਵੱਲੋਂ ਵੱਡਾ ਇਕੱਠ ਕੀਤਾ ਗਿਆ ਹੈ। ਆਸ ਪਾਸ ਦੇ ਕਿਸਾਨ ਅਤੇ ਸਿਆਸੀ ਪਾਰਟੀਆਂ ਦੇ ਵਰਕਰ ਵੀ ਕਿਸਾਨਾਂ ਦੇ ਨਾਲ ਚੌਂਕ ਵਿੱਚ ਡਟੇ ਹੋਏ ਹੈ। ਇਸ ਹੀ ਤਰ੍ਹਾਂ ਪੂਰੇ ਪੰਜਾਬ ਵਿੱਚ ਕਿਸਾਨਾਂ ਨੇ ਸਵੇਰੇ 7 ਵਜੇ ਹੀ ਸੜਕਾਂ ਜਾਮ ਕਰ ਦਿੱਤੀਆਂ। ਪਹਿਲਾਂ ਹੀ ਪਤਾ ਹੋਣ ਕਰਕੇ ਲੋਕ ਵੀ ਵਾਹਨ ਲੈ ਕੇ ਸੜਕਾਂ ਉਪਰ ਘੱਟ ਹੀ ਨਿਕਲ ਰਹੇ ਸਨ। ਪ੍ਰਾਈਵੇਟ ਤੇ ਸਰਕਾਰੀ ਬੱਸ ਯੂਨੀਅਨਾਂ ਨੇ ਵੀ ਕਿਸਾਨਾਂ ਦੀ ਹਮਾਇਤ ਵਿੱਚ ਬੱਸਾਂ ਬੰਦ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਲਈ ਸੜਕਾਂ ਉਪਰ ਟਾਂਵੇਂ-ਟਾਂਵੇਂ ਵਾਹਨ ਹੀ ਦਿਖਾਈ ਦੇ ਰਹੇ ਸਨ।

ਪੰਜਾਬ ਬੰਦ ਦੇ ਚਲਦਿਆਂ ਸਵੇਰੇ 7 ਵਜੇ ਹੀ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸੂਬੇ ਵਿੱਚ ਇੱਕ 140 ਤੋਂ ਵੱਧ ਥਾਵਾਂ ਤੇ ਡੇਰੇ ਲਾ ਲਾਉਂਦਿਆਂ ਸੜਕੀ ਤੇ ਰੇਲ ਆਵਾਜਾਈ ਬੰਦ ਕਰ ਦਿੱਤੀ। ਹਾਲਾਂਕਿ ਇਸ ਦੌਰਾਨ ਐਮਰਜੈਂਸੀ ਸੇਵਾਵਾਂ ਨੂੰ ਨਹੀਂ ਰੋਕਿਆ ਗਿਆ । ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਅੱਜ ਪੰਜਾਬ ਬੰਦ ਦੇ ਸੱਦੇ ਦੀ ਹਮਾਇਤ ਵਿੱਚ ਸੂਬੇ ਦੀਆਂ ਵੱਡੀ ਗਿਣਤੀ ਵਿੱਚ ਵਪਾਰੀ, ਧਾਰਮਿਕ, ਮੁਲਾਜ਼ਮ, ਵਿਦਿਆਰਥੀ, ਟਰਾਂਸਪੋਰਟਰ ਤੇ ਹੋਰਨਾਂ ਜਥੇਬੰਦੀਆਂ ਵੀ ਨਿੱਤਰ ਆਈਆਂ ਜਿਨ੍ਹਾਂ ਵੱਲੋਂ ਅੱਜ ਪੰਜਾਬ ਬੰਦ ਵਿੱਚ ਸਹਿਯੋਗ ਕੀਤਾ ਗਿਆ।

ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਸਮੇਤ 13 ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਕਿਸਾਨਾਂ ਨੇ ਅੱਜ ਪੰਜਾਬ ਬੰਦ ਕੀਤਾ ਹੈ। ਅੱਜ ਬਾਜ਼ਾਰ ਤੇ ਹੋਰ ਅਦਾਰੇ ਵੀ ਬੰਦ ਸਨ। ਬੱਸਾਂ ਵੀ ਨਹੀਂ ਚੱਲ ਰਹੀਆਂ ਸਨ । ਸੂਬੇ 'ਚ 52 ਟ੍ਰੇਨਾਂ ਨੂੰ ਰੱਦ ਕਰ ਦਿੱਤਾ ਗਿਆ , ਜਦਕਿ 22 ਦੇ ਰੂਟ ਬਦਲੇ ਗਏ ਸਨ। ਕਿਸਾਨ ਆਗੂ ਸਰਵਣ ਪੰਧੇਰ ਨੇ ਕਿਹਾ ਸੀ ਕਿ ਐਮਰਜੈਂਸੀ ਸੇਵਾਵਾਂ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਜੇਕਰ ਕਿਸੇ ਦਾ ਕੋਈ ਇਮਤਿਹਾਨ, ਇੰਟਰਵਿਊ ਆਦਿ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾਵੇਗਾ। ਦੂਜੇ ਪਾਸੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਮੇਤ ਸਾਰੀਆਂ ਯੂਨੀਵਰਸਿਟੀਆਂ ਨੇ ਅੱਜ ਹੋਣ ਵਾਲੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ । ਪੁਲਿਸ ਤੇ ਪ੍ਰਸ਼ਾਸਨ ਸਾਰੇ ਜ਼ਿਲ੍ਹਿਆਂ ਵਿੱਚ ਅਲਰਟ ਮੋਡ 'ਤੇ ਰਿਹਾ ।

ਬੰਦ ਵਿੱਚ ਸ਼ਾਮਲ ਹੋਣ ਵਾਲੇ ਨਿੱਜੀ ਬੱਸ ਟਰਾਂਸਪੋਰਟਰਾਂ ਤੋਂ ਇਲਾਵਾ ਵੰਦੇ ਭਾਰਤ ਤੇ ਸ਼ਤਾਬਦੀ ਸਮੇਤ 200 ਤੋਂ ਵੱਧ ਰੇਲ ਗੱਡੀਆਂ ਪ੍ਰਭਾਵਿਤ ਹੋਈਆਂ। ਬੰਦ ਦਾ ਸੱਦਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਹਮਾਇਤ ਵਿੱਚ ਦਿੱਤਾ ਗਿਆ ਜੋ ਕਿਸਾਨ ਮੰਗਾਂ ਨੂੰ ਲਾਗੂ ਕਰਵਾਉਣ ਲਈ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਭੁੱਖ ਹੜਤਾਲ 'ਤੇ ਹਨ। ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਜ਼ਿਆਦਾਤਰ ਕੌਮੀ ਮਾਰਗ ਹਨ, ਜਿਸ ਨਾਲ ਰੋਜ਼ਾਨਾ ਯਾਤਰੀਆਂ ਤੇ ਦਫਤਰ ਜਾਣ ਵਾਲਿਆਂ ਦੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਇਹ ਨੌਂ ਘੰਟੇ ਦਾ ਬੰਦ ਸ਼ਾਮ 4 ਵਜੇ ਤੱਕ ਲਾਗੂ ਹਿ ਹਾ। ਹ ਛੁੱਟੀ ਸਮੇਤ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ 1881 ਅਧੀਨ ਘੋਸ਼ਿਤ ਕੀਤੀ ਗਈ ਹੈ।

ਇਸ ਦੇ ਨਾਲ ਹੀ ਜਿਹੜੀਆਂ ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਵਿਚ ਵੋਟਾਂ ਪੈਣੀਆਂ ਹਨ, ਦੇ ਵੋਟਰ ਜੋ ਕਿ ਪੰਜਾਬ ਰਾਜ ਦੇ ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਤੇ ਵਿਦਿਅਕ ਅਦਾਰਿਆਂ ਵਿਚ ਨੌਕਰੀ ਕਰਦੇ ਹਨ, ਉਹ ਮਿਤੀ 21 ਦਸੰਬਰ ਨੂੰ ਹੋਣ ਵਾਲੀਆਂ ਵੋਟਾਂ ਲਈ ਸਮਰੱਥ ਅਧਿਕਾਰੀ ਨੂੰ ਆਪਣਾ ਵੋਟਰ ਕਾਰਡ ਪੇਸ਼ ਕਰਕੇ ਵਿਸ਼ੇਸ਼ ਛੁੱਟੀ ਲੈ ਸਕਦੇ ਹਨ। ਇਹ ਵਿਸ਼ੇਸ਼ ਛੁੱਟੀ ਉਨ੍ਹਾਂ ਦੇ ਛੁੱਟੀਆਂ ਦੇ ਖਾਤੇ ਵਿਚੋਂ ਕੱਟੀ ਨਹੀਂ ਜਾਵੇਗੀ।

# ਦੁਕਾਨਦਾਰ ਯੂਨੀਅਨ ਵੱਲੋਂ ਨਵੇਂ ਸਾਲ ਦੇ ਮੌਕੇ ਸੁਖਮਨੀ ਸਾਹਿਬ ਪਾਠ ਦਾ ਆਯੋਜਨ



ਮਹਿਲ ਕਲਾਂ, (ਲੋਕ ਬਾਣੀ)): ਦੁਕਾਨਦਾਰ ਯੂਨੀਅਨ ਮਹਿਲ ਕਲਾਂ ਹਮੇਸ਼ਾ ਧਾਰਮਿਕ ਅਤੇ ਸਮਾਜਿਕ ਕੰਮਾਂ ਲਈ ਪ੍ਰਸਿੱਧ ਰਹੀ ਹੈ। ਨਵੇਂ ਸਾਲ ਦੀ ਆਮਦ ਨੂੰ ਧਾਰਮਿਕ ਰੰਗ ਵਿੱਚ ਮਨਾਉਂਦਿਆਂ, ਯੂਨੀਅਨ ਵੱਲੋਂ 3 ਜਨਵਰੀ 2025 ਨੂੰ ਬੱਸ ਸਟੈਂਡ ਮਹਿਲ ਕਲਾਂ ਵਿਖੇ ਸੁਖਮਨੀ ਸਾਹਿਬ ਦੇ ਪਾਠ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪ੍ਰਧਾਨ ਗਗਨ ਸਰਾਂ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ।

ਦੁਕਾਨਦਾਰ ਯੂਨੀਅਨ ਵੱਲੋਂ ਸਾਲਾਂ ਤੋਂ ਧਾਰਮਿਕ ਕਾਰਜ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਨਾਲ ਨਿਭਾਇਆ ਜਾ ਰਿਹਾ ਹੈ। ਪ੍ਰਧਾਨ ਗਗਨ ਸਰਾ ਨੇ ਮੀਟਿੰਗ ਵਿੱਚ ਦੱਸਿਆ ਕਿ ਯੂਨੀਅਨ ਦਾ ਮਕਸਦ ਸਿਰਫ ਕਾਰੋਬਾਰੀ ਹਿੱਤਾਂ ਦੀ ਰੱਖਿਆ ਨਹੀਂ ਹੈ, ਸਗੋਂ ਸਮਾਜ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਨੂੰ ਵੀ ਮਜ਼ਬੂਤ ਕਰਨਾ ਹੈ।

ਇਸ ਮੌਕੇ, ਪ੍ਰਧਾਨ ਸਮੇਤ ਯੂਨੀਅਨ ਦੇ ਸਾਰੇ ਮੈਂਬਰ, ਜਿਵੇਂ ਕਿ ਡਾ. ਮਿੱਠੂ ਮੁਹੰਮਦ, ਪ੍ਰੇਮ ਕੁਮਾਰ ਪਾਸੀ, ਮਨਦੀਪ ਕੁਮਾਰ ਚੀਕੂ, ਅਵਤਾਰ ਸਿੰਘ ਬਾਵਾ, ਜਗਦੀਸ਼ ਸਿੰਘ ਪੰਨੂ, ਰਾਹੁਲ ਕੌਸ਼ਲ, ਹਨੀ ਪਾਸੀ, ਅਮਰੀਕ ਸਿੰਘ ਸਰਾਂ, ਅਤੇ ਹਰਦੀਪ ਸਿੰਘ ਬੀਹਲਾ ਨੇ ਪੂਰੇ ਉਤਸਾਹ ਨਾਲ ਆਪਣੀਆਂ ਜ਼ਿੰਮੇਵਾਰੀਆਂ ਸਵੀਕਾਰ ਕੀਤੀਆਂ। ਹਰੇਕ ਮੈਂਬਰ ਨੇ ਇਸ ਧਾਰਮਿਕ ਸਮਾਗਮ ਨੂੰ ਸਫਲ ਬਣਾਉਣ ਦਾ ਪੱਕਾ ਭਰੋਸਾ ਦਿੱਤਾ।

ਪਾਠ ਸਵੇਰੇ 8 ਵਜੇ ਸ਼ੁਰੂ ਹੋਵੇਗਾ ਅਤੇ 11 ਵਜੇ ਭੋਗ ਪਾਇਆ ਜਾਵੇਗਾ। ਇਸ ਤੋਂ ਬਾਅਦ ਸੰਗਤ ਲਈ ਲੰਗਰ ਪ੍ਰਸਾਦ ਦੀ ਵਿਵਸਥਾ ਕੀਤੀ ਜਾਵੇਗੀ। ਪ੍ਰਧਾਨ ਨੇ ਸਾਰੇ ਦੁਕਾਨਦਾਰਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਇਹ ਕਾਰਜ ਯੂਨੀਅਨ ਦੀ ਇਕਜੁੱਟਤਾ, ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਨੂੰ ਦਰਸਾ ਸਕੇ।

ਉਹਨਾਂ ਹੋਰ ਕਿਹਾ ਕਿ ਦੁਕਾਨਦਾਰ ਯੂਨੀਅਨ ਮਹਿਲ ਕਲਾਂ ਨੇ ਹਮੇਸ਼ਾ ਸਭ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਪਹਿਲ ਕੀਤੀ ਹੈ। ਇਹ ਪਾਠ ਸਿਰਫ ਇੱਕ ਧਾਰਮਿਕ ਸਮਾਗਮ ਹੀ ਨਹੀਂ, ਸਗੋਂ ਇੱਕ ਸਨੇਹਾ ਵੀ ਹੈ ਤਾਂ ਕਿ ਸਾਡੇ ਸਾਰੇ ਦੁਕਾਨਦਾਰਾਂ ਸਮੇਤ ਸਮੂਹ ਲੋਕਾਂ ਨਾਲ ਆਰਥਿਕ ਅਤੇ ਸਮਾਜਿਕ ਸੰਬੰਧ ਮਜ਼ਬੂਤ ਰਹਿਣ।

